ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਦੁਆਦਸ ਪੁਰਖ ਹੈ ਆਦਿ ਸੇ, ਸਭਹਨ ਕੇ ਸਿਰਮੌਰ ।
ਸਕਤ ਅਨੰਤੀ ਆਣਿ ਹੈਂ, ਆਦਿ ਇਹੈ ਨਹੀਂ ਔਰ



Santokh Singh
Namdhari



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

NO.

DATE

ੴ

ਸ੍ਰੀ ਸਤਿਗੁਰੂ ਰਾਮਸਿੰਘਜੀ ਸਹਾਇ

ਸ੍ਰੀ ਸਤਿਗੁਰੂ ਰਾਮਸਿੰਘਜੀ
ਦੇ ਸਿੱਖ
ਭਾਈ ਹਰਮੀਤ ਸਿੰਘਜੀ
ਦੀ ਸਾਖੀ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਬਰਨਾਲਾ ਖੁਰਦ ਤੋਂ ੯-੭ ਮੀਲ ਤੇ ਇਕ ਪਿੰਡ ਸ਼ੇਰ ਗੜ੍ਹ ਸੀ। ਇਸ ਨਗਰ ਨੂੰ ਪੀਰਾਂ ਦਾ ਸ਼ੇਰ ਗੜ੍ਹ ਵੀ ਕਿਹਾ ਜਾਂਦਾ ਸੀ। ਇੱਥੇ ਇਕ ਮੁਸਲਮਾਨ ਪੀਰ ਦਾ ਮਕਬਰਾ ਸੀ ਅਤੇ ਇਸ ਪੀਰ ਦੀ ਯਾਦ ਵਿਚ ਹਰ ਸਾਲ ਇੱਥੇ ਮੇਲਾ ਹੁੰਦਾ ਸੀ ਜੋ ਸੱਤ ਦਿਨ ਤਕ ਰਹਿੰਦਾ ਸੀ। ਬਹੁਤ ਮੁਸਲਮਾਨ ਇਸਤਰੀਆਂ ਪੁਰਖ ਪੀਰ ਦੀ ਜ਼ਿਆਰਤ ਕਰਨ ਵਾਸਤੇ ਆਇਆ ਕਰਦੇ ਸਨ।

ਚੰਗਾ ਭਾਰੀ ਮੇਲਾ ਹੋਇਆ ਕਰਦਾ ਸੀ। ਇਕ ਮੇਲੇ ਵਿਚ ਨਾਮਧਾਰੀਆਂ ਨੇ ਵੀ ਇਕ ਦੁਕਾਨ (Stall) ਖੋਲੀ ਸੀ ਜਿੱਥੇ ਕਿ ਸਰਬਲੋਹ ਦਾ ਸਾਮਾਨ ਵਿਕਰੀ ਹੁੰਦਾ ਸੀ ਭਾਵ ਇਸ ਦੁਕਾਨ ਤੇ ਕੜੇ, ਚੱਕਰ ਅਤੇ ਕ੍ਰਿਪਾਨਾਂ ਆਦਿ ਵਿਕਰੀ ਹੁੰਦੀਆਂ ਸਨ। ਇਹ ਨਾਮਧਾਰੀ ਸਿੱਖ ਅਪਣੇ ਨਿਤਨੇਮ ਦੇ ਬੜੇ ਪੱਕੇ ਸਨ। ਇਹ ਦਿਨ ਦੇ ਸਮੇਂ ਤਾਂ ਅਪਣਾ ਵਿਹਾਰ ਕਰਦੇ ਸਨ ਅਤੇ ਰਾਤ ਨੂੰ ਧਰਮਸਾਲੇ (ਗੁਰਦੁਆਰੇ) ਜਾ ਕੇ ਕੀਰਤਨ ਕਰਿਆ ਕਰਦੇ ਸਨ ਢੋਲਕ, ਛੈਣਿਆਂ ਅਤੇ ਕੈਂਸੀਆਂ ਨਾਲ ਬੜੇ ਪ੍ਰੇਮ ਨਾਲ ਕੀਰਤਨ ਕਰਦੇ ਸਨ। ਉਹ ਸ਼ਬਦ ਪੜ੍ਹਦੇ ਪੜ੍ਹਦੇ ਅਪਣੇ ਮਨ ਅਤੇ ਤਨ ਦੀ ਵੀ ਹੋਸ਼ ਭੁਲ ਜਾਂਦੇ ਸਨ ਮਸਤ ਹੋ ਜਾਂਦੇ ਸਨ, ਲੋਟ ਪੋਟ ਵੀ ਹੋ ਜਾਂਦੇ ਸਨ

## ਬੁਧਿ ਕੀ ਨ ਬੁਧਿ ਰਹੀ, ਮਤਿ ਮੈਂ ਨ ਮਤਿ ਹੈ।

ਇਨ੍ਹਾਂ ਸਿੱਖਾਂ ਵਿਚ ਇਕ ਛੋਟੀ ਉਮਰ ਦਾ ਬੱਚਾ ਵੀ ਸੀ, ਉਸਦੇ ਤੇੜ ਕਛਹਿਰਾ ਸੀ ਅਤੇ ਸਿਰ ਤੇ ਸਿਧਾ ਗੁਰਮੁਖੀ ਦਸਤਾਰ ਸੀ। ਬਾਂਹ ਵਿਚ ਸਰਬ ਲੋਹ ਦਾ ਕੜਾ ਸੀ ਅਤੇ ਗਲ ਵਿਚ ਸਫੈਦ ਉਨ ਦੀ ਮਾਲਾ ਸੀ। ਉਹ ਵੀ ਦੂਸਰੇ ਸਿੱਖਾਂ ਨਾਲ ਮਿਲਕੇ ਸ਼ਬਦ ਪੜ੍ਹਦਾ ਹੁੰਦਾ ਸੀ। ਕਿਰਪਾ ਗੁਰੂ ਦੀ, ਉਹ ਬੱਚਾ ਸ਼ਬਦ ਪੜ੍ਹਦਾ ਪੜ੍ਹਦਾ ਮਸਤ ਹੋ ਜਾਇਆ ਕਰਦਾ ਸੀ ਕਈ ਵੇਰ ਮਸਤੀ ਵਿਚ ਲੋਟ ਪੋਟ ਵੀ ਹੋ ਜਾਇਆ ਕਰਦਾ ਸੀ ਕਈ ਵੇਰ ਨੱਚਣ ਟੱਪਣ ਵੀ ਲਗ ਜਾਂਦਾ ਸੀ।

ਇਸ ਬੱਚੇ ਦੀ ਮਸਤੀ ਦੀ ਚਰਚਾ ਸਾਰੇ ਮੇਲੇ ਵਿਚ ਹੋ ਰਹੀ ਸੀ। ਬੜੇ ਹਿੰਦੂ, ਮੁਸਲਮਾਨ ਅਤੇ ਸਿੱਖ ਉਸ ਬੱਚੇ ਦੇ ਦਰਸ਼ਨ ਕਰਨ ਵਾਸਤੇ ਆਉਣ ਲਗ ਪਏ। ਇੱਕ ਦਿਨ ਇੱਕ ਸਿੱਖ ਜਿਸ ਦਾ ਨਾਮ ਹਰਮੀਤ ਸਿੰਘ ਸੀ, ਸ਼ਬਦ ਕੀਰਤ ਸੁਣਨ ਵਾਸਤੇ ਆਇਆ। ਹਾਲਾਂ ਉਹ ਬੈਠਾ ਹੀ ਸੀ ਕਿ ਬੱਚਾ ਸ਼ਬਦ ਪੜ੍ਹਦਿਆਂ ਮਸਤ ਹੋ ਗਿਆ ਅਤੇ ਮਸਤੀ ਦੀ ਹਾਲਤ ਵਿਚ ਹੀ ਕੋਲ ਕਰਕੇ ਇਕ ਬਲਦੀ ਅੱਗ ਦੇ ਅੰਗੀਠੇ ਵਿਚ ਜਾ ਪਿਆ। ਕੀਰਤਨ ਕਰਨ ਵਾਲੇ ਸਿੱਖਾਂ ਨੇ ਸ਼ਬਦ ਪੜ੍ਹਦਿਆਂ ਪੜ੍ਹਦਿਆਂ ਉਸ ਬੱਚੇ ਦੇ ਅੱਗ ਵਿਚ ਡਿੱਗਣ ਵਲ ਧਿਆਨ ਹੀ ਨ ਦਿੱਤਾ, ਸਗੋਂ ਅਪਣੇ ਰੰਗ ਵਿਚ ਸ਼ਬਦ ਪੜ੍ਹੀ ਜਾ ਰਹੇ ਸਨ

ਅਤੇ ਕਿਸੇ ਹੋਰ ਸਰੀਰ ਨੇ ਵੀ ਉਸ ਬੱਚੇ ਨੂੰ ਅੱਗ ਵਿਚੋਂ ਕਢਣ ਦਾ ਜਤਨ ਨ ਕੀਤਾ। ਭਾਈ ਹਰਮੀਤ ਸਿੰਘ ਨੇ ਸਮਝਿਆ ਕਿ ਅੱਗ ਵਿਚ ਡਿਗਣ ਕਰ ਕੇ ਬੱਚੇ ਨੂੰ ਸ਼ਾਇਦ ਬੜੀ ਤਕਲੀਫ ਹੋਈ ਹੋਵੇਗੀ, ਅਪਣੀ ਥਾਂ ਤੇ ਬੈਠ ਹੀ ਬੜੀ ਚਿੰਤਾ ਕਰਨ ਲਗ ਪਿਆ। ਹਾਲਾਂ ਬੱਚੇ ਬਾਰੇ ਚਿੰਤਾ ਕਰ ਹੀ ਰਿਹਾ ਸੀ ਕਿ ਉਹ ਬੱਚਾ, ਅੱਗ ਵਿਚੋਂ ਸਹੀ ਸਲਾਮਤ ਨਿਕਲ ਕੇ ਫਿਰ ਉਸੇ ਤਰ੍ਹਾਂ ਸ਼ਬਦ ਦੇ ਤਾਲ ਨਾਲ ਨੱਚਣ ਲਗ ਪਿਆ।

ਹੁਣ ਹਰਮੀਤ ਸਿੰਘ ਜਿੱਥੇ ਬੜਾ ਖੁਸ਼ ਹੋਇਆ ਉੱਥੇ ਹੈਰਾਨ ਵੀ ਬੜਾ ਹੋਇਆ, ਯਾਦ ਆਇਆ ਕਿ ਭਗਤ ਪ੍ਰਹਿਲਾਦ ਜੀ ਬਾਰੇ ਭਾਈ ਗੁਰਦਾਸ ਜੀ ਨੇ ਐਵੇਂ ਨਹੀਂ ਲਿਖਿਆ :-

## ਜਲ ਅਗਨੀ ਵਿਚਿ ਘਤਿਆ
## ਜਲੈ ਨ ਡੁਬੈ ਗੁਰ ਪਰਸਾਦਿ ॥

ਇਸ ਬੱਚੇ ਨੂੰ ਅੱਗ ਵਿਚੋਂ ਪਰਤੱਖ ਸਹੀ ਸਲਾਮਤ ਨਿਕਲਿਆ ਵੇਖ ਕੇ ਹਰਮੀਤ ਸਿੰਘ ਨੂੰ ਨਿਸਚਾ ਹੋ ਗਿਆ ਕਿ ਠੀਕ ਭਗਤ ਪ੍ਰਹਿਲਾਦ ਜੀ ਨੂੰ ਵੀ ਨਾ ਅੱਗ ਜਲਾ ਸਕੀ ਹੋਣੀ ਏ ਅਤੇ ਨਾ ਹੀ ਪਾਣੀ ਡੁਬੋ ਸਕਿਆ ਹੋਣਾ ਏ।

ਉਹ ਸਾਰਾ ਦੀਵਾਨ ਬੜੇ ਪ੍ਰੇਮ ਨਾਲ ਸੁਣਦਾ ਰਿਹਾ, ਜਦੋਂ ਦੀਵਾਨ ਦੀ ਸਮਾਪਤੀ ਹੋਈ, ਅਰਦਾਸ ਹੋਣ ਉਪਰੰਤ ਸਾਰੀ ਸੰਗਤ ਅਪਣੇ ਅਪਣੇ ਡੇਰਿਆਂ ਵਲ ਚਲੀ ਗਈ, ਪਰ ਭਾਈ ਹਰਮੀਤ ਸਿੰਘ ਚੁੱਪ ਚੁਪੀਤਾ ਕੀਰਤਨ ਕਰਨ ਵਾਲਿਆਂ ਕੋਲ ਚਲਾ ਗਿਆ ਅਤੇ ਪੁੱਛਣ ਲਗਾ ਕਿ ਭਾਈ ਸਾਹਿਬ ਜੀ। ਤੁਸੀਂ ਕਿਸ ਗੁਰੂ ਦੇ ਸਿੱਖ ਹੋ ? ਆਪ ਜੀ ਦਾ ਬਾਣਾ ਦੂਸਰੇ ਸਿੱਖਾਂ ਨਾਲੋਂ ਕੁਝ ਨਿਆਰਾ ਹੀ ਜਾਪਦਾ ਹੈ।

ਕੀਰਤਨ ਕਰਨ ਵਾਲਿਆਂ ਦੇ ਜਥੇਦਾਰ ਨੇ ਹਰਮੀਤ ਸਿੰਘ ਨੂੰ ਅਪਣੇ ਕੋਲ ਬੈਠਾਂਦਿਆਂ ਕਿਹਾ ਕਿ ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਹਾਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ "ਨਾਨਕ ਰਾਜ" ਦੇ ਬਾਰ੍ਹਵੇਂ ਜਾ-ਨਸ਼ੀਨ ਹਨ।

ਭਾਈ ਹਰਮੀਤ ਸਿੰਘ:- ਭਾਈ ਜੀ, ਸਿੱਖਾਂ ਦੇ ਤਾਂ ਦਸ ਗੁਰੂ ਹੋਏ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਛੋਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ ਜੋ ਜੁਗੋ ਜੁਗ ਅਟੱਲ ਹਨ।

ਜਥੇਦਾਰ :- ਭਾਈ ਗੁੱਸਾ ਨ ਮਨਾਈਂ, ਮੈਂ ਤੈਨੂੰ ਸੱਚੀ ਗੱਲ ਦੱਸਦਾ ਹਾਂ ਕਿ ਗੁਰਮਤ ਅਨੁਸਾਰ ਕਿਸੇ ਦੇਵੀ ਦੇਵਤੇ ਦੀ ਮੂਰਤੀ ਭਾਵੇਂ ਉਹ ਹੀਰਿਆਂ ਮਣੀਆਂ ਨਾਲ ਵੀ ਜੜੀ ਹੋਈ ਹੋਵੇ, ਕੋਈ ਤੀਰਥ ਭਾਵੇਂ ਉਹ ਹਰਿਦਵਾਰ ਜਾਂ ਜਗਨ ਨਾਥ ਪੁਰੀ ਹੋਵੇ, ਕੋਈ ਨਦੀ ਭਾਵੇਂ ਉਹ ਗੰਗਾ ਜਾਂ ਜਮਨਾ ਹੋਵੇ, ਕੋਈ ਮੰਦਰ ਮਸਜਦ ਜਾਂ ਗੁਰਦੁਆਰਾ,

ਕੋਈ ਵੇਦ ਸ਼ਾਸਤ੍ਰ ਜਾਂ ਹੋਰ ਕੋਈ ਗ੍ਰੰਥ ਗੁਰੂ ਨਹੀਂ ਹੋ ਸਕਦਾ। ਇੱਥੇ ਮੈਂ ਕਿਸੇ ਦੀ ਨਿੰਦਿਆ ਨਹੀਂ ਕਰਦਾ ਪਰ

ਬੇਦ ਕਤੇਬ ਕਹਹੁ ਮਤ ਝੂਠੇ,
ਝੂਠਾ ਜੋ ਨ ਬੀਚਾਰੈ ॥ (ਕਬੀਰ ਪੰਨਾ ੧੩੫੦)

ਵਿਚਾਰ ਇਹ ਹੈ :-

(ਸਲੋਕ ਕਬੀਰ ਪੰਨਾ ੧੩੭੧)

ਕਬੀਰ ਠਾਕੁਰੁ ਪੂਜਹਿ ਮੋਲਿ ਲੇ, ਮਨ ਹਠਿ ਤੀਰਥ ਜਾਹਿ,
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ।
ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ।
ਇਸ ਭਰਵਾਸੇ ਜੋ ਰਹੇ, ਬੂਡੇ ਕਾਲੀ ਧਾਰ।
ਕਬੀਰ ਕਾਗਦ ਕੀ ਓਬਰੀ, ਮਸੁ ਕੇ ਕਰਮ ਕਪਾਟ।
ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ।

ਭਾਈ, ਭਗਤ ਕਬੀਰ ਜੀ ਸਾਨੂੰ ਸਮਝਾਂਦੇ ਹਨ ਕਿ ਪੱਥਰ ਦੀ ਮੂਰਤੀ ਮੁੱਲ ਲੈ ਕੇ ਪੂਜਣ ਨਾਲ ਜਾਂ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨਾਲ ਪਰਮੇਸ਼ੁਰ ਦੀ ਪਰਾਪਤੀ ਨਹੀਂ ਹੁੰਦੀ, ਇਹ ਤਾਂ ਇਕ ਦੁਨਿਆਵੀ ਚਾਲ ਹੀ ਹੈ। ਜੇ ਕੋਈ ਹਠ ਕਰਕੇ ਇਹ ਕੰਮ ਕਰਦਾ ਹੈ ਅਤੇ ਨਿਸਚਾ ਰਖਦਾ ਹੈ ਕਿ ਮੈਂ ਭਵ ਸਾਗਰ ਤੋਂ ਪਾਰ ਹੋ ਜਾਵਾਂਗਾ ਤਾਂ ਉਹਨੂੰ ਇਹ ਇਕ ਭੁਲੇਖਾ ਹੀ ਹੈ। ਸ੍ਰੀ ਕਬੀਰ ਜੀ ਦੇ ਲਿਖਣ ਅਨੁਸਾਰ ਉਹ **ਬੂਡੇ ਕਾਲੀ ਧਾਰ** ਭਾਵ ਉਸਨੂੰ ਡੂੰਘੇ ਪਾਣੀ ਵਿਚ ਡੁੱਬਾ ਹੀ ਸਮਝੋ"। ਸ੍ਰੀ ਕਬੀਰ ਜੀ ਇਹ ਵੀ ਦੱਸਦੇ ਹਨ ਕਿ "ਕਿ ਮੂਰਤੀ ਪੂਜਕਾਂ ਨੇ ਤਾਂ ਧਰਤੀ ਡੋਬ ਦਿੱਤੀ ਹੈ, ਸ਼ਾਸਤਰਾਂ, ਵੇਦਾਂ ਅਤੇ ਹੋਰ ਗ੍ਰੰਥਾਂ "ਆਸਰੇ ਪੰਡਿਤ ਅਥਵਾ ਪਰਚਾਰਕ ਦੁਨੀਆ ਨੂੰ ਲੁੱਟ ਰਹੇ ਹਨ।"

ਭਾਈ, ਤੂੰ ਆਪ ਹੀ ਸੋਚ ਕਿ ਜਿਹੜਾ ਆਪ ਹੀ ਨਿਰਜੀਉ ਹੋਵੇ, ਉਸ ਨੇ ਦੂਜਿਆਂ ਨੂੰ ਕੀ ਸਿੱਖਿਆ ਦੇਣੀ ਹੈ ਅਤੇ ਕੀ ਵਰ ਦੇਣਾ ਹੈ ?
ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ :-

ਕਹਾ ਭਯੋ ਜੋ ਅਤਿਹਿਤ ਚਿਤ ਕਰਿ, ਬਹੁਬਿਧਿ ਸਿਲਾ ਪੁਜਾਈ।
ਪਾਨ ਥਕੇ ਪਾਹਨ ਕਹ ਪਰਸਤ ਕਛੁ ਕਰਿਸਿੱਧ ਨ ਆਈ।
ਅਛਤ ਧੂਪ ਦੀਪ ਅਰਪਤ ਹੈ, ਪਾਹਨ ਕਛੂ ਨ ਖੈ ਹੈ।
ਤਾ ਮੈ ਕਹਾ ਸਿਧ ਹੈ ਰੇ ਜੜ੍ਹ ਤੋਹਿ ਕਹਾ ਬਰ ਦੈ ਹੈ।

ਇਸੇ ਲਈ ਤਾਂ ਸ੍ਰੀ ਗੁਰੂ ਰਾਮ ਦਾਸ ਜੀ ਲਿਖਦੇ ਹਨ :- (ਅਕਾਲ ਉਸਤਤ)

ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ।

ਸ੍ਰੀ ਸਤਿਗੁਰੂ ਰਾਮ ਦਾਸ ਜੀ ਜਿੱਥੇ ਨਿਰ ਜੀਉ ਦੀ ਪੂਜਾ ਬਿਰਥੀ ਦੱਸਦੇ ਹਨ ਉੱਥੇ ਜਗਿਆਸੂਆਂ ਨੂੰ ਅਸਲੀਅਤ ਇਹ ਦੱਸਦੇ ਹਨ ਕਿ :- (ਮਹਲਾ ੪ ਪੰਨਾ ੧੨੬੪)

ਸਤਿਗੁਰੂ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ।

ਭਾਵ ਇਹ ਹੈ ਕਿ ਨਿਰਜੀਉ ਚੀਜ਼ ਪਰਮੇਸਰ ਦੀ ਮੂਰਤੀ ਨਹੀਂ ਹੁੰਦੀ ਹਰਿ (ਪਰਮੇਸ਼ਰ) ਦੀ ਮੂਰਤਿ ਸ੍ਰੀ ਸਤਿਗੁਰੂ ਜੀ ਹੁੰਦੇ ਹਨ ਜੋ ਅਪਣੇ ਮੁਖਾਰਬਿੰਦ ਤੋਂ ਬੋਲ ਕੇ ਸ਼ੁਭ ਸਿੱਖਿਆ ਰੂਪੀ ਅੰਮ੍ਰਿਤ ਬਖਸ਼ਦੇ ਹਨ। ਅੱਸੇ ਸਤਿਗੁਰੂ ਜੀ ਦੀ ਪੱਕੀ ਨਿਸ਼ਾਨੀ ਇਹ ਹੈ

ਬ੍ਰਹਮ ਬਿੰਦੇ ਸੋ ਸਤਿਗੁਰੂ ਕਹੀਐ
ਹਰਿ ਹਰਿ ਕਥਾ ਸੁਣਾਵੈ (ਮਹਲਾ ੪ ਪੰਨਾ ੧੩੬੪)

ਭਾਈ, ਮੇਰੇ ਕਹਿਣ ਦਾ ਤਾਤਪਰਜ ਇਹ ਹੈ ਕਿ

ਸਤਿਗੁਰੂ ਹਮੇਸ਼ਾ ਦੇਹਧਾਰੀ ਹੁੰਦਾ ਹੈ

ਜਿਹੜਾ ਬੋਲ ਕੇ ਸਮਝਾ ਕੇ ਅਤੇ ਜੇ ਲੋੜ ਪਵੇ ਤਾਂ ਤਾੜ ਕੇ ਵੀ ਸਿੱਖਾਂ ਨੂੰ ਸਹੀ ਰਾਹ ਤੇ ਚਲਣ ਦੀ ਸਿੱਖਿਆ ਦਿੰਦਾ ਹੈ।
ਹੋਰ ਜੋ ਤੂੰ ਸ੍ਰੀ ਗ੍ਰੰਥ ਸਾਹਿਬ ਜੀ ਬਾਰੇ ਆਖਦਾ ਹੈਂ, ਇਹ ਤਾਂ ਸੁਆਰਥੀ ਲੋਕਾਂ ਦਾ ਗਲਤ ਪਰਚਾਰ ਹੈ। ਇਹ ਤਾਂ ਪੂਰਬ ਗੁਰੂ ਸਾਹਿਬਾਨ ਜੀ ਦੀ ਬਾਣੀ ਹੈ, ਇਹ ਜਗਿਆਸੂਆਂ ਵਾਸਤੇ ਉਪਦੇਸ਼ ਹੈ। ਇਸ ਦੇ ਪੜ੍ਹਨ ਤੋਂ ਸਿੱਖਿਆ ਮਿਲਦੀ ਹੈ ਕਿ

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥
(ਮਹਲਾ ੫ ਪੰਨਾ ੨੬੫)

ਅਥਵਾ "ਸਰਬ ਰੋਗ ਕਾ ਅਉਖਦੁ ਨਾਮੁ" (ਮਹਲਾ ੫ ਪੰਨਾ ੨੭੪)

ਅਥਵਾ ਮਨ ਹਰਿ ਕੇ ਨਾਮ ਕੀ ਮਹਿਮਾ ਊਚ ॥
ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ ॥
(ਮਹਲਾ ੫ ਪੰਨਾ ੨੬੪)

ਜਿਸ ਨਾਮ ਦੀ ਮਹਿਮਾ, ਸ੍ਰੀ ਗ੍ਰੰਥ ਸਾਹਿਬ ਜੀ ਵਿਚ ਲਿਖੀ ਹੈ ਉਹ ਨਾਮ ਕੇਵਲ ਦੇਹਧਾਰੀ ਗੁਰੂ ਕੋਲੋਂ ਹੀ ਮਿਲਦਾ ਹੈ।

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ
(ਭਾਵੇਂ) ਲਖ ਕੋਟੀ ਕਰਮ ਕਮਾਉ ॥ (ਮਹਲਾ ੩ ਪੰਨਾ ੪੦)

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
(ਮਹਲਾ ੪ ਪੰਨਾ ੫੪੦)

ਭਾਈ ਹਰਮੀਤ ਸਿੰਘ — ਜਥੇਦਾਰ ਜੀ, ਮੈਂ ਤੁਹਾਡੀ ਗੱਲ ਸਮਝ ਗਿਆ ਹਾਂ। ਤੁਹਾਡਾ ਭਾਵ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ੁਭ ਸਿਖਿਆ ਦੇਣ ਵਾਲੀ ਬਾਣੀ ਸਿਰਫ ਲਿਖਤੀ ਰੂਪ ਵਿਚ ਹੀ ਹੈ, ਉਸ ਬਾਣੀ ਤੇ ਅਮਲ ਕਰਵਾਉਣ ਵਾਲਾ ਜ਼ਰੂਰ ਦੇਹਧਾਰੀ ਹੀ ਗੁਰੂ ਹੋਣਾ ਚਾਹੀਦਾ ਹੈ।

ਅੱਛਾ, ਹੁਣ ਮੈਨੂੰ ਇਹ ਵੀ ਦੱਸੋ ਕਿ ਗਿਆਰਵੇਂ ਗੁਰੂ ਜੀ ਕਿਹੜੇ ਸਨ ਅਤੇ ਉਹ ਆਮ ਸਿੱਖਾਂ ਵਿਚ ਗੁਰੂ ਕਿਉਂ ਨਹੀਂ ਮੰਨੇ ਗਏ।

ਜਥੇਦਾਰ — ਭਾਈ, ਗਿਆਰਵੇਂ ਗੁਰੂ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਸਨ। ਇਨ੍ਹਾਂ ਬਾਰੇ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਗ੍ਰੰਥ ਨਾਮ ਪਾਤਸ਼ਾਹੀ ਦਸਵੀਂ ਵਿਚ ਪਹਿਲੋਂ ਹੀ ਲਿਖ ਗਏ ਸਨ, ਕਿ

# ਗੁਪਤ ਗਿਆਰਵਾਂ ਖੇਲਸੀ ਕੋਇਕ ਪਾਵੈ ਪਾਰ

ਭਾਵ ਇਹ ਹੈ ਕਿ ਸ੍ਰੀ ਸਤਿਗੁਰ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਗਿਆਰਵੇਂ ਗੁਰੂ ਜੀ ਨੇ ਬਹੁਤਾ ਗੁਪਤ ਹੀ ਰਹਿਣਾ ਸੀ, ਇਸੇ ਵਾਸਤੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੁਪਤ ਥਾਂ ਤੇ ਅਤੇ ਗੁਪਤ ਤਰੀਕੇ ਨਾਲ ਗੁਰ ਗੱਦੀ ਬਖਸ਼ੀ ਸੀ

ਈ ਹਰਮੀਤ ਸਿੰਘ :- ਜਥੇਦਾਰ ਜੀ ਖਿਮਾ ਕਰਨੀ ਕਿ ਜੇ ਗਿਆਰਵੇਂ ਗੁਰੂ ਗੁਪਤ ਹੀ ਰਹੇ ਸਨ ਤਾਂ ਸੰਗਤ ਨੂੰ ਪਤਾ ਕਿਸ ਤਰ੍ਹਾਂ ਲਗਾ ਸੀ ?

ਥੇਦਾਰ - ਭਾਈ ਇਹ ਠੀਕ ਹੈ ਕਿ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਬਾਰੇ "ਗੁਪਤ ਗਿਆਰਵਾਂ ਖੇਲਸੀ" ਲਿਖਿਆ ਹੋਇਆ ਹੈ ਪਰ ਨਾਲ ਇਹ ਵੀ ਲਿਖਿਆ ਹੋਇਆ ਹੈ "ਕੋਇਕ ਪਾਵੈ ਪਾਰ" ਭਾਵ ਬਹੁਤ ਘਟ ਲੋਕਾਂ ਨੂੰ ਪਤਾ ਲਗੇਗਾ।

ਭਾਈ ਤੂੰ ਆਪ ਹੀ ਸੋਚ ਕਿ ਚੜ੍ਹਿਆ ਚੰਨ ਵੀ ਕਦੇ ਛੁਪਿਆ ਰਹਿ ਸਕਦਾ ਹੈ ? ਗੁਪਤ ਰਹਿਣ ਦਾ ਭਾਵ ਹੈ

## ਗੋਇ ਰਾਖੀ ਘਟ ਦੀਪ ਜਿਨ ਨਿਜ ਅਜਮਤ,

ਜੇ ਇਕ ਜਗਦਾ ਦੀਵਾ ਕਿਸੇ ਘੜੇ ਵਿਚ ਰਖਿਆ ਜਾਏ। ਘੜੇ ਵਿਚ ਦੀਵਾ ਤਾਂ ਜਗਦਾ ਹੈ ਪਰ ਇਹ ਦੀਵਾ ਦੂਰੋਂ ਵਿਖਾਈ ਨਹੀਂ ਦਿੰਦਾ, ਹਾਂ, ਜੇ ਨੇੜੇ ਹੋਇ ਕੇ ਵੇਖੀਏ ਤਾਂ ਦਿੱਸ ਪੈਂਦਾ ਹੈ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਭਾਵੇਂ ਸਾਧਾਰਨ ਰੂਪ ਵਿਚ ਹੀ ਹਜ਼ਰੋ ਸਾਹਿਬ ਰਹਿੰਦੇ ਸਨ ਪਰ ਜਿਨ੍ਹਾਂ ਨੂੰ ਦਿੱਸਿਆ ਅਥਵਾ ਜਿਨ੍ਹਾਂ ਤੇ ਕਿਰਪਾ ਹੋਈ, ਭਾਈ ਥੈਂਕਾ ਜੀ ਵਰਗਿਆਂ ਨੇ ਸੰਗਤ ਦੇ ਭਲੇ ਲਈ ਦੁਹਾਈ ਦਿੱਤੀ, "ਗੁਰੂ ਲਾਧੋ ਰੇ" ਇਸੇ ਲਈ ਤਾਂ ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ

## ਨਾਮ ਸਿੰਘ ਬਾਲਕ, ਪੈ ਪਾਲਕ ਪੈਗੰਬਰੋਂ ਕੇ
## ਅੰਬਰੋਂ ਕੇ ਮਾਲਕ ਅੜੰਬਰੋਂ ਕੇ ਤਜਾਗੀ ਹੈਂ

ਭਾਵ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਖੁਦ ਪੈਗੰਬਰਾਂ (ਅਵਤਾਰਾਂ) ਦੇ ਪਾਲਕ ਅਤੇ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਸਨ (ਹਨ)

ਭਾਈ ਮੈਨੂੰ ਇਕ ਗੱਲ ਹੋਰ ਯਾਦ ਆਈ ਹੈ ਕਿ ਜਦੋਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਗੱਦੀ ਬਖਸ਼ੀ ਸੀ, ਉਦੋਂ

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਇਹ ਵੀ ਕਹਿਆ ਸੀ ਕਿ ਇਹ ਗੱਦੀ ਮੇਰੀ ਅਮਾਨਤ ਹੈ, ਮੈਂ ਬਾਰ੍ਹਵੇਂ ਜਾਮੇ ਵਿਚ ਆਪੇ ਹੀ ਆਪ ਜੀ ਕੋਲ ਆ ਕੇ ਆਪਣੀ ਅਮਾਨਤ ਲੈ ਜਾਵਾਂਗਾ, ਉਦੋਂ ਮੇਰਾ ਨਾਮ ਰਾਮ ਸਿੰਘ ਹੋਵੇਗਾ ਰਾਮ ਸਿੰਘ ਮੇਰਾ ਹੀ ਅਵਤਾਰ ਹੋਵੇਗਾ।

ਐਂ ਪੈ ਗੁਰਦਸਮ ਦਰਸ ਦੈ ਜੋ ਕਹਯੋ ਤਾਂਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੇ।

(ਗਿਆਨੀ ਗਿਆਨ ਸਿੰਘ ਜੀ)

ਭਾਈ, ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਭਵਿਖ ਬਾਣੀ ਅਨੁਸਾਰ ਅੱਜ ਕਲ ਸਿੱਖਾਂ ਦੇ ਬਾਰ੍ਹਵੇਂ ਗੁਰੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ ਉਨ੍ਹਾਂ ਬਾਰੇ ਇਹ ਵੀ ਲਿਖਿਆ ਹੋਇਆ ਹੈ

ਦੁਆਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ।
ਸ਼ਕਤਿ ਅਨੰਤੀ ਆਇ ਹੈ ਆਦਿ ਇਹੈ ਨਹੀ ਔਰ॥

ਭਾਈ ਹਰਮੀਤ ਸਿੰਘ – ਜਥੇਦਾਰ ਜੀ, ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ?

ਜਥੇਦਾਰ – ਭਾਈ, ਅਸੀਂ ਸ੍ਰੀ ਅੰਮ੍ਰਿਤਸਰ ਦੇ ਰਹਿਣ ਵਾਲੇ ਹਾਂ ਅਤੇ ਨਾਮਧਾਰੀ ਸਿੱਖ ਹਾਂ। ਭਾਈ ਤੁਸੀਂ ਕਿਥੇ ਰਹਿੰਦੇ ਹੋ, ਕੀ ਕੰਮ ਕਰਦੇ ਹੋ ਅਤੇ ਇੱਥੇ ਕਿਸ ਤਰ੍ਹਾਂ ਆਏ ਹੋ?

ਭਾਈ ਹਰਮੀਤ ਸਿੰਘ – ਜੀ ਮੇਰਾ ਨਾਮ ਹਰਮੀਤ ਸਿੰਘ ਹੈ। ਮੈਂ ਸਾਂਦੇ ਵਾਲ ਜ਼ਿਲਾ ਮਿੰਟਗੁਮਰੀ ਦਾ ਰਹਿਣ ਵਾਲਾ ਹਾਂ ਅਤੇ ਵਪਾਰ ਕਰਦਾ ਹੁੰਦਾ ਹਾਂ। ਹੁਣ ਮੈਂ ਦੁਆਬੇ ਨੂੰ ਜਾ ਰਿਹਾ ਹਾਂ।

ਜਥੇਦਾਰ – ਭਾਈ, ਵਪਾਰ ਜ਼ਰੂਰ ਕਰੋ, ਵੱਧ ਚੜ੍ਹ ਕੇ ਕਰੋ ਪਰ ਨਾਲ ਹੀ ਪਰਮਾਰਥ ਸੰਵਾਰਨ ਵਾਸਤੇ ਬਾਣੀ ਦਾ ਪਾਠ ਵੀ ਕਰਿਆ ਕਰੋ ਬਾਣੀ ਪੜ੍ਹੋਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ

ਬਿਨ ਏਕ ਨਾਮ ਇਕ ਚਿਤ ਲੀਨ,
ਫੋਕਟੋ ਸਰਬ ਧਰਮਾ ਬਿਹੀਨ। (ਅਕਾਲ ਉਸਤਤਿ)

ਅਥਵਾ

ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥
(ਮਹਲਾ ੫ ਪੰਨਾ ੧੧੮੫) ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥

Sri Satguru Jagjit Singh Ji Elibrary NamdhariElibrary@gmail.com

ਭਾਈ ਇੱਕ ਗੱਲ ਯਾਦ ਰਖੀਂ ਕਿ ਭਜਨ ( ਨਾਮ ਸਿਮਰਨ ) ਸੁਣ ਸੁਣਾ ਕੇ ਆਪਣੇ ਆਪ ਨਹੀਂ ਕਰਨਾ ਚਾਹੀਦਾ । ਨਾਮ ਲੈਣ ਵਾਸਤੇ ਸਤਿਗੁਰੂ ਜੀ ਅਗੇ ਬੇਨਤੀ ਕਰਨੀ ਚਾਹੀਦੀ ਹੈ । ਅਰਜ਼ ਕਰਨ ਪਿਛੋਂ ਇਹ ਸਤਿਗੁਰੂ ਜੀ ਦੀ ਰਜ਼ਾ ਹੁੰਦੀ ਹੈ ਕਿ ਭਜਨ (ਗੁਰ ਮੰਤਰ) ਭਾਵੇਂ ਉਹ ਆਪ ਦੇਣ ਭਾਵੇਂ ਕਿਸੇ ਸੇਵਕ ਕੋਲੋਂ ਦਿਵਾ ਦੇਣ । ਭਜਨ ਕਿਸੇ ਕੋਲੋਂ ਵੀ ਦਿਵਾਉਣ ਪਰ ਲੈਣ ਵਾਲਾ ਇਹ ਹੀ ਸਮਝੇ ਕਿ ਮੈਨੂੰ ਸਤਿਗੁਰੂ ਜੀ ਕੋਲੋਂ ਹੀ ਮਿਲਿਆ ਹੈ ।

ਭਾਈ ਹਰਮੀਤ ਸਿੰਘ : ਜਥੇਦਾਰ ਜੀ, ਤੁਹਾਡੇ ਗੁਰੂ ਜੀ, ਰਹਿੰਦੇ ਕਿੱਥੇ ਹਨ ? ਉਨ੍ਹਾਂ ਦੇ ਦਰਸ਼ਨ ਕਿੱਥੇ ਹੋ ਸਕਣ ਗੇ ? ਜਥੇਦਾਰ ਜੀ, ਮੈਂ ਤਾਂ ਉਸ ਬੱਚੇ ਦੇ ਮਸਤੀ ਵਿਚ ਅੱਗ ਵਿਚ ਡਿਗਣ ਅਤੇ ਫਿਰ ਅੱਗ ਵਿਚੋਂ ਸਹੀ ਸਲਾਮਤ ਨਿਕਲ ਕੇ ਪਹਿਲੇ ਹੀ ਤਰਾਂ ਸ਼ਬਦ ਦੇ ਤਾਲ ਨਾਲ ਨੱਚਣ ਤੋਂ ਬਹੁਤ ਪ੍ਰਭਾਵਤ ਹੋਇਆ ਹਾਂ । ਮੈਂ ਚਾਹੁੰਦਾ ਹਾਂ ਕਿ ਜਿਸ ਗੁਰੂ ਦੇ ਆਪ ਸਿੱਖ ਹੋ ਮੈਂ ਉਸ ਗੁਰੂ ਦੇ ਦਰਸ਼ਨ ਕਰਾਂ ।

ਜਥੇਦਾਰ : ਸਿੱਖ ਆਪਣੇ ਆਪ ਮਸਤਾਨੇ ਨਹੀਂ ਹੁੰਦੇ । ਇਹ ਤਾਂ ਸ਼ਬਦ ਦੀ ਚੋਟ ਹੁੰਦੀ ਹੈ, ਸਤਿਗੁਰੂ ਜੀ ਦੀ ਕਿਰਪਾ ਨਾਲ ਜਿਸ ਨੂੰ ਵੀ ਇਹ ਚੋਟ ਲਗਦੀ ਹੈ ਉਹ ਹੀ ਮਸਤਾਨਾ ਹੋ ਜਾਂਦਾ ਹੈ

**ਆਪਿ ਨ ਬਉਰਾ, ਰਾਮ ਕੀਓ ਬਉਰਾ,**

(ਕਬੀਰ ਪੰਨਾ ੮੫੫)

ਅਥਵਾ

**ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ.**

(ਮਹਲਾ ੩ ਪੰਨਾ ੯੪੭)

ਹੋਰ ਭਾਈ ਜੋ ਤੂੰ ਕਹਿੰਦਾ ਹੈਂ ਕਿ ਮੈਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ, ਇਹ ਬੜੀ ਸੁਹਣੀ ਮੰਗ ਹੈ ਕਿਉਂ ਜੋ

**ਜੋ ਸੁਖੁ ਦਰਸਨੁ ਪੇਖਤੇ ਪਿਆਰੇ**

**ਮੁਖ ਤੇ ਕਹਣੁ ਨ ਜਾਇ ।** (ਮਹਲਾ ੧ ਪੰਨਾ ੪੩)

ਅਥਵਾ

**ਵਡੈ ਭਾਗਿ ਦੇਵੈ ਪਰਮੇਸਰੁ**

**ਕੋਟਿ ਫਲਾ ਦਰਸਨ ਗੁਰ ਡੀਠੇ ॥** (ਮਹਲਾ ਪੰਨਾ ੭

ਭਾਈ, ਵੈਸੇ ਤਾਂ ਸਤਿਗੁਰੂ ਜੀ ਜਿੱਥੇ ਵੀ ਸਿੱਖ ਦਿਲੋਂ ਯਾਦ ਕਰਦਾ ਹੈ ਉੱਥੇ ਹੀ ਉਸਨੂੰ ਦਰਸ਼ਨ ਦੇ ਦਿੰਦੇ ਹਨ ਪਰ ਅਸਲੀ ਠਿਕਾਣਾ ਸ੍ਰੀ ਭੈਣੀ ਸਾਹਿਬ ਹੈ

ਲੁਦਪੁਰ ਸੇ ਪੂਰਬ ਨੌ ਕੋਸ

ਭਾਈ, ਲੁਧਿਆਣੇ ਤੋਂ ਪੂਰਬ (EAST)
ਵਲ ਨੌ ਕੋਹ ਤੇ ਸ੍ਰੀ ਭੈਣੀ ਸਾਹਿਬ ਹੈ। ਉੱਦਮ ਕਰ ਕੇ ਉਥੇ ਜਾ ਕੇ
ਦਰਸ਼ਨ ਕਰ ਆ **ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ** (ਕਬੀਰ ਪੰਨਾ ੩੩੮)

ਭਾਈ ਹਰਮੀਤ ਸਿੰਘ - ਜਥੇਦਾਰ ਜੀ, ਤੁਹਾਡਾ ਬਹੁਤ ਧੰਨਵਾਦ। ਮੈਂ ਉੱਥੇ ਜਾਣ ਦਾ ਜਤਨ ਤਾਂ ਕਰਾਂਗਾ ਅਗੋਂ ਜੋ ਸਤਿਗੁਰੂ ਜੀ ਦੀ ਰਜ਼ਾ, ਚੰਗਾ, ਸਤਿ ਸ੍ਰੀ ਅਕਾਲ।

ਜਥੇਦਾਰ — ਸਤਿ ਸ੍ਰੀ ਅਕਾਲ।

ਭਾਈ ਹਰਮੀਤ ਸਿੰਘ ਅਪਣੇ ਡੇਰੇ ਆ ਗਿਆ। ਉਸ ਦੇ ਖਿਆਲ ਪਹਿਲਾਂ ਤਾਂ ਕੁਝ ਹੋਰ ਹੀ ਸਨ ਪਰ ਜਦੋਂ ਤੋਂ ਮਸਤਾਨੇ ਬੱਚੇ ਨੂੰ ਅੱਗ ਵਿਚੋਂ ਸਹੀ ਸਲਾਮਤ ਨਿਕਲਦਿਆਂ ਵੇਖਿਆ ਅਤੇ ਜਥੇਦਾਰ ਜੀ ਦੇ ਗਿਆਨ ਭਰੇ ਬਚਨ ਸੁਣੇ ਤਾਂ ਉਸਨੂੰ ਨਿਸਚਾ ਹੋ ਗਿਆ ਕਿ ਠੀਕ ਗੁਰੂ ਦੇਹਧਾਰੀ ਹੀ ਹੋਣ ਚਾਹੀਦਾ ਹੈ। ਹੁਣ ਉਸਨੂੰ ਦੇਹਧਾਰੀ ਗੁਰੂ ਅਥਵਾ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਦੀ ਲਾਲਸਾ ਲਗ ਗਈ

**ਪ੍ਰਭ ਮਿਲਬੇ ਕੀ ਲਾਲਸਾ,** ਲਗ ਗਈ

ਭਾਵ ਚਾਹਿ ਲਗੀ ਗੁਰ ਮਿਲਣੇ ਵਾਲੀ

ਉਹ ਅਗਲੀ ਸਵੇਰ ਹੁੰਦਿਆਂ ਹੀ ਸ਼ੇਰ ਗੜ੍ਹ ਤੋਂ ਸਿੱਧਾ ਹੀ ਸ੍ਰੀ ਭੈਣੀ ਸਾਹਿਬ ਵੱਲ ਨੂੰ ਟੁਰ ਪਿਆ। ਰਾਹ ਵਿਚ ਬੰਗੇ "ਨਾਮੀ ਨਗਰ" ਵਿਚੋਂ ਵਪਾਰ ਕਰਨ ਵਾਸਤੇ ੧੪੦੦ ਰੁਪੈ ਦੀ ਖੰਡ ਮੁੱਲ ਲਈ ਅਤੇ ਊਠਾਂ ਤੇ ਭਾੜਾ ਢੋਣ ਵਾਲਿਆਂ ਦੇ ਸਪੁਰਦ ਕਰ ਦਿੱਤੀ ਅਤੇ ਉਨਾਂ ਨੂੰ ਕਿਹਾ ਕਿ ਮੈਂ ਹੁਣ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਜ਼ਿਲੇ ਲੁਧਿਆਣੇ ਦੇ ਇਕ ਨਗਰ ਸ੍ਰੀ ਭੈਣੀ ਸਾਹਿਬ ਜਾ ਰਿਹਾ ਹਾਂ, ਗੁਰੂ ਜੀ ਦੇ ਦਰਸ਼ਨ ਕਰਕੇ ਵਾਪਸ ਆਉਣ ਤੇ ਮੈਂ ਤੁਹਾਡੇ ਊਠਾਂ ਤੇ ਇਹ ਖੰਡ ਅਪਣੇ ਨਗਰ ਸਾਂਦੇ ਵਾਲਾ ਲੈ ਜਾਵਾਂਗਾ।

ਖੰਡ ਦਾ ਧਿਆਨ ਚੰਗੀ ਤਰਾਂ ਰਖਣ ਵਾਸਤੇ ਉਠਾਂ ਵਾਲਿਆਂ ਨੂੰ ਕਹਿਕੇ, ਭਾਈ ਹਰਮੀਤ ਸਿੰਘ, ਸ੍ਰੀ ਭੈਣੀ ਸਾਹਿਬ ਜਾਣ ਵਾਸਤੇ ਕਿਸੇ ਅਸਵਾਰੀ ਦੀ ਭਾਲ ਕਰਨ ਲੱਗਾ। ਬੜੀ ਭਾਲ ਕਰਨ ਪਿਛੋਂ ਇਕ ਕਰਾਏ ਵਾਲਾ ਘੋੜਾ ਮਿਲ ਗਿਆ। ਕਰਾਏ ਬਾਬਤ ਸਾਰੀ ਗਲ ਬਾਤ ਕਰਕੇ ਉਸ ਘੋੜੇ ਵਾਲੇ ਦੇ ਪਿੱਛੇ ਬਹਿ ਗਿਆ ਅਤੇ ਘੋੜੇ ਵਾਲੇ ਨੇ ਸ੍ਰੀ ਭੈਣੀ ਸਾਹਿਬ ਵੱਲ ਨੂੰ ਘੋੜਾ ਤੋਰ ਦਿੱਤਾ।

ਹੁਣ ਭਾਈ ਹਰਮੀਤ ਸਿੰਘ ਕਈ ਤਰਾਂ ਦੀਆਂ ਗਿਣਤੀਆਂ ਗਿਣ ਰਿਹਾ ਸੀ

**ਚਲਿਆ ਗਿਣਦਾ ਗਿਣਤੀਆਂ, ਕਿਉਂਕਰ ਜਾਣੀਐ, ਕੌਣ ਮਿਲਾਏ।**

Sri Satguru Jagjit Singh Ji Elibrary NamdhariElibrary@gmail.com

ਜਦੋਂ ਘੋੜਾ ਸ੍ਰੀ ਭੈਣੀ ਸਾਹਿਬ ਪਹੁੰਚਿਆ ਤਾਂ ਭਾਈ ਹਰਮੀਤ ਸਿੰਘ, ਸ੍ਰੀ ਭੈਣੀ ਸਾਹਿਬ ਦੀ ਸ਼ੋਭਾ ਵੇਖ ਕੇ ਬਹੁਤ ਖੁਸ਼ ਹੋਇਆ

ਧੁਨਿ ਸਬਦਨ ਕੀ ਜਹ ਕਹ ਲਾਗੀ, ਸੰਗਤ ਸਭੀ ਪ੍ਰੇਮ ਰਸ ਪਾਗੀ ॥
ਕੋ ਸਿਖ ਲੰਗਰ ਕੋ ਜਲ ਭਰਣੀ, ਕੋ ਦੇਗਾ ਕੋ ਪੰਖਾ ਕਰਣੀ ॥
ਕੋਇ ਪਕਾਵੈ ਕੋਇ ਛਕਾਵੈ, ਪਰ ਮੁਖ ਸੇ ਬਾਣੀ ਗੁਰ ਗਾਵੈ,
ਗੁਰ ਨਾਨਕ ਕੇ ਸਬਦ ਰਸਾਲਾ ਪੜ੍ਹਤ ਸੁਨਤ ਹਰਿ ਜਨ ਸਭ ਕਾਲਾ

(ਸੰਤ ਧਿਆਨ ਸਿੰਘ ਜੀ ਕਾਦਰਾਬਾਦੀ)

ਭਾਵ, ਸ੍ਰੀ ਭੈਣੀ ਸਾਹਿਬ ਵਿਚ ਕਈ ਥਾਵਾਂ ਤੇ ਸਿਖ ਦੀਵਾਨ ਸਜਾਈ ਬੈਠੇ ਹਨ। ਉੱਥੇ ਕੋਈ ਦੁਨਿਆਵੀ ਸ਼ੋਰ ਸ਼ਰਾਬਾ ਨਹੀਂ, ਕੋਈ ਲੜਾਈ ਝਗੜਾ ਨਹੀਂ, ਕੋਈ ਗੰਦੇ ਗੀਤ ਨਹੀਂ ਗਾ ਰਿਹਾ, ਕੋਈ ਸ਼ਰਾਬੀ ਨਹੀਂ, ਕੋਈ ਉਟ ਪਟਾਂਗ ਨਹੀਂ ਬਕ ਰਿਹਾ, ਕੋਈ ਚਾਂਗਰ ਨਹੀਂ ਛਡ ਰਿਹਾ, ਕੋਈ ਕਿਸੇ ਜਨਾਨੀ ਨੂੰ ਮਖੌਲ ਨਹੀਂ ਕਰ ਰਿਹਾ। ਉੱਥੇ ਸਾਰੇ ਸਿੱਖ, ਕੋਈ ਨ ਕੋਈ ਸੇਵਾ ਕਰ ਰਹੇ ਹਨ। ਕਈ ਸਿੱਖ ਸ਼ਬਦ ਪੜ੍ਹ ਰਹੇ ਹਨ, ਕਈ ਨਾਮ ਜਪ ਰਹੇ ਹਨ, ਕਈ ਸਿੱਖ ਗੁਟਕਿਆਂ ਤੋਂ ਪਾਠ ਕਰ ਰਹੇ ਹਨ, ਕਈ ਸਿੱਖ ਲੰਗਰ ਵਾਸਤੇ ਪਾਣੀ ਭਰ ਰਹੇ ਹਨ। ਕਈ ਸਿੱਖ ਲੰਗਰ ਵਿਚ ਸੇਵਾ ਕਰ ਰਹੇ ਹਨ, ਕਈ ਪੱਖੇ ਝੱਲ ਰਹੇ ਹਨ ਕਈ ਸਿੱਖਾਂ ਨੂੰ ਪਰਸਾਦਾ ਛਕਾ ਰਹੇ ਹਨ। ਖੂਬੀ ਇਹ ਹੈ ਕਿ ਸਾਰੇ ਸਿੱਖ ਨਾਲੇ ਤੇ ਸੇਵਾ ਕਰ ਰਹੇ ਹਨ ਅਤੇ ਨਾਲੋਂ ਨਾਲ ਭਜਨ ਵੀ ਕਰੀ ਜਾਂਦੇ ਹਨ।

ਜਦੋਂ ਭਾਈ ਹਰਮੀਤ ਸਿੰਘ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਉਦੋਂ ਸਤਿਗੁਰੂ ਜੀ ਅਪਣੇ ਤਪ ਸਥਾਨ ਤੇ ਤਪ ਕਰ ਰਹੇ ਸਨ। ਭਾਈ ਜੀ ਨੂੰ ਸਤਿਗੁਰੂ ਜੀ ਦੇ ਸਰੀਰ ਵਿਚੋਂ ਪਹਿਲੋਂ ਸ੍ਰੀ ਰਾਮ ਚੰਦ੍ਰ ਜੀ ਦੇ ਦਰਸ਼ਨ ਹੋਏ ਫਿਰ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਦੇ, ਫਿਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ, ਫਿਰ ਸ੍ਰੀ ਸਤਿਗੁਰ ਗੋਬਿੰਦ ਸਿੰਘ ਜੀ ਦੇ ਅਤੇ ਸਭ ਤੋਂ ਅਖੀਰ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਸ੍ਰੀ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਇਸ ਤਰ੍ਹਾਂ ਹੋਏ

ਕਛ ਕੜਾ, ਸੀਧਾ ਦਸਤਾਰਾ, ਬਾਣਾ ਸਵੇਤ ਪਹਿਰਿਆ ਸਾਰਾ,
ਲਾਂਬੀ ਭੁਜਾ ਵ ਲਾਂਬੀ ਡੀਲ, ਮ੍ਰਿਦੁਲ ਬਾਕ ਪੂਰਣ ਗੁਣ ਸ਼ੀਲ

ਭਾਵ ਸਤਿਗੁਰੂ ਜੀ ਦੇ ਤੇੜ ਕਛਹਿਰਾ ਹੈ, ਬਾਂਹ ਵਿਚ ਸੇਰਬ ਲੋਹ ਦਾ ਕੜਾ ਹੈ, ਸ਼ੀਸ ਤੇ ਸਿੱਧਾ ਅਥਵਾ ਗੁਰਮੁਖੀ ਦਸਤਾਰਾ ਹੈ। ਉਨ੍ਹਾਂ ਦੇ ਸਾਰੇ ਬਸਤਰ ਚਿੱਟੇ ਹਨ ਸਰੀਰ ਲੰਮਾ ਹੈ (ਉੱਚਾ ਹੈ) ਉਨ੍ਹਾਂ ਦੀਆਂ ਬਾਹਵਾਂ ਗੋਡਿਆਂ ਤਕ ਲੰਮੀਆਂ ਹਨ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਜੀ ਦਾ ਸਾਰਾ ਹੀ ਸਰੀਰ ਅਤਿ ਸੁੰਦਰ ਹੈ,

ਤੇਰੇ ਬੰਕੇ ਲੋਇਣ, ਦੰਤ ਰੀਸਾਲਾ, ਸੋਹਣ ਨਕੇ, ਜਿਨ ਲੰਮੜੇ ਵਾਲਾ,
ਤੇਰੀ ਚਾਲ ਸੁਹਾਵੀ, ਮਧੁਰਾੜੀ ਬਾਣੀ,

(ਮਹਲਾ ੧ ਪੰਨਾ ੫੬੭)

ਸ਼ਾਮ ਦੇ ਸਮੇਂ, ਸ਼ਾਮ ਦਾ ਦੀਵਾਨ ਸ਼ੁਰੂ ਹੋ ਗਿਆ। ਜਦੋਂ ਸਤਿਗੁਰੂ ਜੀ ਦੀਵਾਨ ਸਥਾਨ ਤੇ ਆਏ ਤਾਂ ਸਾਰੀ ਸੰਗਤ ਨੇ ਉਠ ਕੇ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਨਾਲ ਸੁਆਗਤ ਕੀਤਾ। ਸਤਿਗੁਰੂ ਜੀ ਸ਼ਬਦ ਕੀਰਤਨ ਨੂੰ ਮੱਥਾ ਟੇਕ ਕੇ ਆਪਣੇ ਆਸਣ ਤੇ ਸੁਭਾਏਮਾਨ ਹੋ ਗਏ। ਸਾਰੀ ਸੰਗਤ ਨੇ, ਮਾਈ ਭਾਈ ਨੇ ਸ੍ਰੀ ਸਤਿਗੁਰੂ ਜੀ ਨੂੰ ਯਥਾ ਸ਼ਕਤ ਭੇਟਾ ਰਖ ਕੇ ਵਾਰੀ ਵਾਰੀ ਨਮਸਕਾਰ ਕੀਤੀ

ਦੇਸ ਬਿਦੇਸੀ ਖਾਲਸਾ ਧਰੈ ਉਪਾਇਨ ਪਾਇ,
ਦੋ ਕਰ ਜੋਰੇ ਬੰਦਨਾ ਕਰ ਹੈ ਸੀਸ ਝੁਕਾਇ,

ਭਾਈ ਹਰਮੀਤ ਸਿੰਘ ਨੇ ਵੀ ਇਕ ਰੁਪਇਆ ਅਤੇ ਕੁਝ ਪਰਸਾਦ ਰਖ ਕੇ ਮੱਥਾ ਟੇਕਿਆ ਅਤੇ ਸਤਿਗੁਰੂ ਜੀ ਦੇ ਆਸਣ ਦੇ ਨੇੜੇ ਹੀ ਬਹਿ ਗਿਆ। ਸ਼ਬਦ ਕੀਰਤਨ ਦਾ ਐਸਾ ਰੰਗ ਬਣਿਆ ਕਿ ਕਈ ਬੀਬੀਆਂ ਅਤੇ ਕਈ ਸਿੱਖ ਮਸਤਾਨੇ ਹੋ ਗਏ ਅਤੇ ਪੰਡਾਲ ਵਿਚ ਆਪਣੇ ਆਪਣੇ ਢੰਗ ਨਾਲ ਨਿਰਤਕਾਰੀ ਕਰਨ ਲਗ ਪਏ

ਰਾਗੀ ਸੋਹਣੇ ਸ਼ਬਦ ਸੁਨਾਵਣ, ਸਿੰਘ ਹੋ ਮਸਤਾਨੇ ਜਾਵਣ,
ਖੁਲ੍ਹੇ ਕੇਸ ਤੇ ਛਾਲੀ ਲਾਵਣ, ਮੇਰੇ ਸਤਿਗੁਰ ਦੇ ਮਨ ਭਾਵਣ,
ਜਦੋਂ ਉਹ ਲੇਟਦੇ।

ਅਤੇ

ਬੀਬੀਆਂ ਵਾਂਗ ਕਬੂਤਰ ਫਟਕਣ,
ਕਰਦੀਆਂ ਨਿਰਤ ਪੈਰ ਨਹੀ ਅਟਕਣ,
ਖੁਲ੍ਹੇ ਕੇਸ ਗਲੇ ਵਿਚ ਲਟਕਣ,
ਸੋਭਾ ਪਾਂਵਦੇ।

(ਬਾਬਾ ਚੰਦਾ ਸਿੰਘ ਜੀ)

ਭਾਈ ਜੀ, ਦੀਵਾਨ ਦੀ ਸ਼ੋਭਾ ਵੇਖਕੇ ਬਹੁਤ ਪ੍ਰਭਾਵਤ ਹੋਏ।
ਦੀਵਾਨ ਵਿਚ ਸ੍ਰੀ ਸਤਿਗੁਰੂ ਜੀ ਨੂੰ ਸਿੰਘਾਸਣ ਤੇ ਸੁਭਾਇਮਾਨ, ਸਾਮ੍ਹਣੇ ਰਾਗੀ ਸਿੰਘ ਕੀਰਤਨ ਕਰਦੇ ਅਤੇ ਆਲੇ ਦੁਆਲੇ ਦੂਰ ਦੂਰ ਤਕ ਨਾਮ ਜਪਦੀ ਸੰਗਤ ਨੂੰ ਵੇਖਕੇ ਭਾਈ ਜੀ ਦੇ ਚਿਤ ਵਿਚ ਖਿਆਲ ਆਇਆ ਕਿ ਇੱਥੇ ਤਾਂ ਧਰਤੀ ਉੱਤੇ ਹੀ ਬੈਕੁੰਠ ਬਣਿਆ ਹੋਇਆ ਹੈ

ਮਾਨੋ ਇਹੁ ਬੈਕੁੰਠ ਸਥਾਨ ॥
ਬੈਠੇ ਆਪ ਵਿਸ਼ਣੂ ਭਗਵਾਨ ॥

(ਸੰਤ ਧਿਆਨ ਸਿੰਘ ਜੀ)

ਫਿਰ ਯਾਦ ਆਇਆ ਕਿ ਭਗਤ ਕਬੀਰ ਜੀ ਨੇ ਐਵੇਂ ਤੇ ਨਹੀਂ ਲਿਖਿਆ

ਸਾਧ ਸੰਗਤਿ ਬੈਕੁੰਠੈ ਆਹਿ

(ਪੰਨਾ ੩੨੫

ਉੱਥੇ ਬੈਠਿਆਂ ਹੀ ਦਿਲ ਵਿਚ ਖਿਆਲ ਆਇਆ ਕਿ

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ

(ਮਹਲਾ ੪ ਪੰਨਾ ੧੬੮)

ਅਨੁਸਾਰ ਇਹ ਗੁਰੂ ਜੀ ਤਾਂ ਨਿਸਚੇ ਹੀ ਸੱਚੇ ਅਤੇ ਪੂਰਨ ਗੁਰੂ ਅਵਤਾਰ ਹਨ। ਮੈਂ ਤਾਂ ਇੰਨਾ ਚਿਰ ਐਵੇਂ ਹੀ ਭੁਲਿਆ ਰਿਹਾ ਹਾਂ। ਇਹ ਖਿਆਲ ਆਉਂਦਿਆਂ ਸਾਰ ਭਾਈ ਜੀ ਝੱਟ ਉਠਕੇ, ਸ੍ਰੀ ਸਤਿਗੁਰੂ ਜੀ ਦੇ ਆਸਣ ਸਾਮ੍ਹਣੇ, ਦੋਵੇਂ ਹੱਥ ਜੋੜ ਕੇ ਜਾ ਖੜੇ ਹੋਏ ਅਤੇ ਬੇਨਤੀ ਕੀਤੀ :-

ਸਤਿਗੁਰ ਆਇਓ ਸਰਣਿ ਤੁਹਾਰੀ
ਮਿਲੈ ਸੂਖੁ ਨਾਮੁ ਹਰਿ ਸੋਭਾ, ਚਿੰਤਾ ਲਾਹਿ ਹਮਾਰੀ ॥

(ਮਹਲਾ ੫ ਪੰਨਾ ੭੧੩)

ਸਤਿਗੁਰੂ ਜੀ ਨੇ ਹਿਰਦਾ ਸ਼ੁੱਧ ਵੇਖਕੇ ਹੁਕਮ ਕੀਤਾ, "ਭਾਈ ਤੂੰ ਅੱਜ ਇੱਥੇ ਹੀ ਰਹੁ, ਤੈਨੂੰ ਰਾਤ ਨੂੰ ਭਜਨ ਦਿੱਤਾ ਜਾਏਗਾ"।
ਭਾਈ ਜੀ ਨੇ ਇਹ ਹੁਕਮ ਸੁਣ ਕੇ ਸਤਿ ਬਚਨ ਕਿਹਾ ਅਤੇ ਅਪਣੀ ਥਾਂ ਤੇ ਜਾ ਬੈਠੇ।
ਉੱਥੇ ਬੈਠਿਆਂ ਹੀ ਭਾਈ ਜੀ ਦੇ ਮਨ ਵਿਚ ਖਿਆਲ ਆਇਆ ਕਿ ਇੱਥੇ ਤਾਂ ਸੈਂਕੜੇ ਹੀ ਸਿੱਖ ਰੁਪੈ ਰਖ ਰਖ ਕੇ ਮੱਥਾ ਟੇਕ ਰਹੇ ਹਨ, ਮੇਰੀ ਭੇਟਾ ਤਾਂ ਇੱਥੇ ਕਿਸੇ ਗਿਣਤੀ ਵਿਚ ਹੀ ਨਹੀਂ। ਹਾਲਾਂ ਇਹ ਖਿਆਲ ਭਾਈ ਜੀ ਦੇ ਮਨ ਵਿਚ ਆਇਆ ਹੀ ਸੀ ਕਿ ਅੰਤਰਜਾਮੀ ਸਤਿਗੁਰੂ ਜੀ, ਭੇਟ ਹੋਈ ਰਕਮ ਵਿਚੋਂ ਵਾਰੀ ਵਾਰੀ ਇੱਕ ਇੱਕ ਰੁਪਿਆ ਹੱਥ ਵਿਚ ਫੜਕੇ ਪਾਸ ਬੈਠੇ ਹੋਏ ਸੂਬਿਆਂ ਕੋਲੋਂ ਪੁੱਛਣ ਲਗੇ ਕਿ ਇਹ ਦਮੜਾ ਕਿਸਦਾ ਹੈ, ਇਹ ਦਮੜਾ ਕਿਸਦਾ ਹੈ? ਸੂਬੇ ਨਾਲੋਂ ਨਾਲ ਵੇਰਵਾ ਦੱਸਦੇ ਗਏ। ਫਿਰ ਭਾਈ ਜੀ ਵਲ ਇਸ਼ਾਰਾ ਕਰਕੇ ਕਹਿਆ, ਕਿ ਇਸ ਸਿੱਖ ਦਾ ਵੀ ਇਕ ਦਮੜਾ ਹੈ।

ਸੂਬੇ ਕੋਲੋਂ ਇਕ ਦਮੜਾ ਫੜ ਕੇ ਸਤਿਗੁਰੂ ਜੀ ਨੇ ਭਾਈ ਹਰਮੀਤ ਸਿੰਘ ਨੂੰ ਕਿਹਾ, "ਭਾਈ ਤੂੰ ਅਪਣਾ ਦਮੜਾ ਵਾਪਸ ਲੈ ਜਾ, ਤੂੰ ਬਹੁਤ ਦੂਰੋਂ ਆਇਆ ਹੈਂ, ਸ਼ਾਇਦ ਤੈਨੂੰ ਰਾਹ ਵਿਚ ਖਰਚੇ ਵਾਸਤੇ ਲੋੜ ਪੈ ਜਾਏ, ਤੇਰੇ ਵਲੋਂ ਸਾਨੂੰ ਪੁਜਿਆ ਹੀ ਸਮਝ।"

ਇਹ ਸੁਣਦਿਆਂ ਸਾਰ ਹੀ ਭਾਈ ਜੀ ਸਤਿਗੁਰੂ ਜੀ ਦੀ ਅੰਤਰਜਾਮਤਾ ਤੇ ਬਹੁਤ ਹੈਰਾਨ ਹੋਏ ਅਤੇ ਬੇਨਤੀ ਕੀਤੀ, "ਮਹਾਰਾਜ, ਤੁਹਾਡਾ ਦਿੱਤਾ ਬਹੁਤ ਹੈ, ਆਪ ਜੀ ਕਿਰਪਾ ਕਰੋ ਅਤੇ ਦਾਸ ਦੀ ਸ਼ਰਧਾ ਪੂਰੀ ਕਰੋ।" ਫਿਰ ਸਤਿਗੁਰੂ ਜੀ ਨੇ ਚੁੱਪ ਕਰ ਕੇ ਉਹ ਦਮੜਾ ਭੇਟਾ ਵਿਚ ਹੀ ਰਖ ਦਿੱਤਾ।

ਹੁਣ ਭਾਈ ਜੀ ਦੀ ਸ਼ਰਧਾ ਹੋਰ ਵੀ ਵਧ ਗਈ, ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ। ਭਜਨ ਲੈਣ ਵਾਸਤੇ ਮਨ ਹੋਰ ਵੀ ਉਤਾਵਲਾ ਹੋ ਗਿਆ।

ਜਦੋਂ ਰਾਤ ਹੋਈ ਤਾਂ ਸਤਿਗੁਰੂ ਜੀ ਨੇ ਭਾਈ ਜੀ ਨੂੰ ਅੰਦਰ ਇਕਾਂਤ ਵਿਚ ਲੈ ਜਾਏ ਕੇ ਭਜਨ ਦੀ ਦਾਤ ਬਖਸ਼ੀ ਅਤੇ ਹੁਕਮ ਕੀਤਾ ਕਿ ਦੋ ਢਾਈ ਘੜੀਆਂ (Time) ਇੱਥੇ ਹੀ ਬੈਠ ਕੇ ਭਜਨ ਕਰ। ਸਤਿਗੁਰੂ ਜੀ ਨੇ ਇਹ ਵੀ ਸਿਖਿਆ ਦਿੱਤੀ ਭਾਈ ਅਗੇ ਤੋਂ

ਛੱਡ ਮਾਸ ਤੇ ਕਬਾਬ ਨਹੀਂ ਪੀਵਣੀ ਸ਼ਰਾਬ।

ਨਾਲੇ

ਕੜਾ ਕੱਛ ਕਿਰਪਾਨ ਕੇਸ ਧਾਰ, ਸਿੰਘ ਬਣ ਗੁਰ ਪਿਆਰਾ ਤੂੰ।

ਮੜ੍ਹੀ ਮਸਾਣੀ ਵਰਤ ਨ ਜਾਈਂ, ਸਤਿਗੁਰੂ ਜਾਣ ਨਿਆਰਾ ਤੂੰ

ਬਾਕੀ ਗੁਰਾਂ ਦੀ ਮਰਯਾਦਾ ਦੇ ਝੂਠਾ ਜਾਣ ਪਸਾਰਾ ਤੂੰ

(ਬਾਬਾ ਕਾਲਾ ਸਿੰਘ ਜੀ)

ਸਤਿਗੁਰੂ ਜੀ ਤਾਂ ਬਾਹਰ ਆ ਗਏ ਅਤੇ ਭਾਈ ਜੀ ਉੱਥੇ ਹੀ ਬੈਠ ਕੇ ਭਜਨ ਕਰਨ ਲਗ ਪਏ ਅਤੇ ਦਿਲ ਵਿਚ ਇਹ ਠਾਨੀ ਕਿ ਜਿੰਨਾ ਚਿਰ ਸਤਿਗੁਰੂ ਜੀ ਆਪ ਨਾ ਬੁਲਾਉਣ ਉੱਨਾ ਚਿਰ ਬਾਹਰ ਨਹੀਂ ਜਾਣਾ। ਉੱਥੇ ਬੈਠਿਆਂ ਹੀ ਖਿਆਲ ਆਇਆ ਕਿ ਇਹ ਭਜਨ ਤਾਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਲਾ ਹੀ ਹੈ, ਪੁਜਾਰੀ ਜੋ ਪਰਚਾਰ ਕਰਦੇ ਹਨ ਕਿ ਨਾਮਧਾਰੀ (ਕੂਕੇ) ਮੁਸਲਮਾਨੀ ਕਲਾਮ ਪੜ੍ਹਦੇ ਹਨ ਇਹ ਪਰਚਾਰ ਤਾਂ ਪੁਜਾਰੀਆਂ ਦਾ ਉੱਕਾ ਹੀ ਝੂਠਾ ਨਿਕਲਿਆ ਹੈ ਸ਼ਾਇਦ ਇਸੇ ਵਾਸਤੇ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ :-

ਕੋਊ ਜੋ ਕਹਿਤ ਬੇ ਕਲਾਮ ਦੀਨੀ ਸੱਯਦਾਨੀ

ਸੋਊ ਸਭਿ ਕੂਰ ਹਮ ਪੇਖਯੋ ਅਜਮਾਇ ਕੈ। 1

ਜਦੋਂ ਢਾਈ ਘੜੀਆਂ ਬਿਤੀਤ ਹੋ ਗਈਆਂ ਤਾਂ ਸਤਿਗੁਰੂ ਜੀ ਨੇ ਆਪ ਹੀ ਭਾਈ ਜੀ ਨੂੰ ਬਾਹਰ ਆ ਜਾਣ ਦਾ ਹੁਕਮ ਕੀਤਾ । ਜਦੋਂ ਭਾਈ ਜੀ ਬਾਹਰ ਆਏ, ਲੰਗਰ ਵਰਤ ਰਿਹਾ ਸੀ । ਕਈ ਸੈਂਕੜੇ ਸਿੱਖ ਪੰਗਤ ਵਿਚ ਬਹਿ ਕੇ ਲੰਗਰ ਛਕ ਰਹੇ ਸਨ । ਦਾਲ, ਭਾਜੀ, ਕੜਾਹ-ਪ੍ਰਸ਼ਾਦ ਅਤੇ ਪਰਸਾਦੇ ਵਰਤਾਏ ਜਾ ਰਹੇ ਸਨ । ਜਲ ਛਕਾਉਣ ਵਾਲੇ ਵੀ ਬੜੇ ਪ੍ਰੇਮ ਨਾਲ ਜਲ ਛਕਾ ਰਹੇ ਸਨ । ਥੱਲੇ ਤਾਂ ਲੰਗਰ ਵਰਤਾਇਆ ਜਾ ਰਿਹਾ ਸੀ ਪਰ ਉਪਰ ਅਸਮਾਨ ਤੇ ਬੱਦਲਾਂ ਦੀ ਕਾਲੀ ਘਟਾ ਛਾਈ ਹੋਈ ਸੀ ।

ਸਤਿਗੁਰੂ ਜੀ ਤਾਂ ਲੰਗਰ ਛਕ ਕੇ ਅੰਦਰ ਜਾ ਕੇ ਅਪਣੇ ਪਲੰਘ ਉੱਤੇ ਜਾ ਬਿਰਾਜੇ ਸਨ ਪਰ ਬਾਹਰ ਲੰਗਰ ਹਾਲਾਂ ਵਰਤ ਹੀ ਰਿਹਾ ਸੀ । ਭਾਈ ਹਰਮੀਤ ਸਿੰਘ ਜੀ ਵੀ ਲੰਗਰ ਛਕਣ ਵਾਸਤੇ ਪੰਗਤ ਵਿਚ ਬਹਿ ਗਏ । ਹਾਲਾਂ ਲੰਗਰ ਛਕ ਹੀ ਰਹੇ ਸਨ ਕਿ ਬੜੀ ਭਾਰੀ ਬਰਸਾਤ ਹੋਣ ਲੱਗ ਪਈ । ਉੱਥੇ ਬੈਠਿਆਂ ਹੀ ਭਾਈ ਜੀ ਨੂੰ ਬੇਗੋ ਨਗਰ ਵਿਚ ਪਈ ਹੋਈ ਅਪਣੀ ਖੰਡ ਦੀ ਚਿੰਤਾ ਲਗ ਗਈ । ਸੋਚਣ ਲਗੇ ਕਿ ਖੰਡ ਉੱਤੇ ਨਾ ਕੋਈ ਬਰਸਾਤੀ ਹੈ ਅਤੇ ਨਾ ਹੀ ਕੋਈ ਸਾਇਬਾਨ ਹੈ । ਜੇ ਇੰਨੀ ਬਰਖਾ ਉੱਥੇ ਵੀ ਹੋਈ ਹੋਵੇ ਤਾਂ ਮੇਰੀ ਸਾਰੀ ਹੀ ਖੰਡ ਬਰਖਾ ਦੇ ਪਾਣੀ ਨਾਲ ਸਰਬਤ ਬਣਕੇ ਬਹਿ ਰਹੀ ਹੋਵੇਗੀ । ਉਠਾਂ ਵਾਲੇ ਤਾਂ ਮੁਸਲਮਾਨ ਹਨ, ਉਨ੍ਹਾਂ ਨੂੰ ਮੇਰੇ ਨੁਕਸਾਨ ਨਾਲ ਕੀ ਵਾਸਤਾ? ਉਨ੍ਹਾਂ ਨੇ ਤਾਂ ਕਹਿਣਾ ਹੈ ਕਿ ਚੰਗਾ ਹੋਇਆ ਕਿ ਸਿਖੜੇ ਦਾ ਨੁਕਸਾਨ ਹੋਇਆ ਹੈ । ਇੱਕ ਤਾਂ ਮੇਰਾ ੧੪੦੦ ਰੁਪੈ ਦਾ ਨੁਕਸਾਨ ਹੋ ਜਾਵੇਗਾ ਅਤੇ ਦੂਜਾ ਲੋਕ ਮੇਰੀ ਹੱਸੀ ਕਰਨਗੇ । ਨਾਮਧਾਰੀਆਂ ਦੇ ਈਰਖਾਲੂ ਤਾਂ ਜ਼ਰੂਰ ਹੀ ਮੈਨੂੰ ਤਾਨ੍ਹੇ ਮਾਰਨਗੇ, ਕਹਿਣਗੇ ਕਿ ਨਾਮਧਾਰੀ ਬਣਨ ਦਾ ਸਵਾਦ ਵੇਖ ਲਿਆ ਹੈ ਨ, ਜੋ ਪਹਿਲੇ ਦਿਨ ਹੀ ਇੰਨਾ ਨੁਕਸਾਨ ਹੋ ਗਿਆ ਹੈ । ਗੁਰੂ ਨਿੰਦਕਾਂ ਨੂੰ ਤਾਂ ਨਿੰਦਿਆ ਕਰਨ ਦਾ ਇਕ ਹੋਰ ਬਹਾਨਾ ਮਿਲ ਜਾਏਗਾ ।

ਇਹੋ ਜਹੀਆਂ ਸੋਚਾਂ ਸੋਚ ਹੀ ਰਹੇ ਸਨ ਕਿ ਭਾਈ ਜੀ ਨੂੰ ਯਾਦ ਆਇਆ ਕਿ ਸ੍ਰੀ ਸਤਿਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੋਇਆ ਹੈ ਕਿ

**ਅਪੁਨੇ ਸੇਵਕ ਕੀ ਆਪੇ ਰਾਖੈ ......**

**- - - - - ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ**

(ਪੰਨਾ ੪੦੩)

ਇਹ ਖਿਆਲ ਆਉਂਦਿਆਂ ਸਾਰ ਹੀ ਭਾਈ ਜੀ ਨੇ ਸੋਚਿਆ ਕਿ ਮੈਨੂੰ ਸਤਿਗੁਰੂ ਜੀ ਅਗੇ ਅਰਜ਼ ਕਰਨੀ ਚਾਹੀਦੀ ਹੈ । ਉਹ ਜ਼ਰੂਰ ਮੇਰੀ ਸਹਾਇਤਾ ਕਰਨਗੇ, ਪਰਸ਼ਾਦਾ ਛਕਕੇ ਭਾਈ ਜੀ ਉੱਥੇ ਚਲੇ ਗਏ ਜਿੱਥੇ ਸਤਿਗੁਰੂ ਜੀ ਬਿਰਾਜਮਾਨ ਸਨ

ਸਤਿਗੁਰੂ ਜੀ ਦੇ ਚਰਨਾਂ ਵੱਲ ਦੋਵੇਂ ਹੱਥ ਜੋੜ ਕੇ ਚੁਪ ਕਰਕੇ ਖੜੇ ਰਹੇ। ਦਿਲ ਵਿਚ ਠਾਨੀ ਕਿ ਸਤਿਗੁਰੂ ਜੀ ਦੀ ਬੇਆਰਾਮੀ ਕਰਨੀ ਉਚਿਤ ਨਹੀਂ, ਜਦੋਂ ਵੀ ਸਹਿਜ ਸੁਭਾਏ ਉਠਣਗੇ, ਉਦੋਂ ਹੀ ਅਰਜ਼ ਕਰਾਂਗਾ। ਹਾਲਾਂ ਥੋੜੀ ਹੀ ਦੇਰ ਹੋਈ ਸੀ ਕਿ

**ਘਟ ਘਟ ਕੇ ਅੰਤਰ ਕੀ ਜਾਨਤ, ਭਲੇ ਬੁਰੇ ਕੀ ਪੀਰ ਪਛਾਨਤ,**

ਵਾਲੇ ਸਤਿਗੁਰੂ ਜੀ ਨੇ ਆਪੇ ਹੀ ਭਾਈ ਜੀ ਨੂੰ ਪੁੱਛਿਆ, " ਭਾਈ, ਤੂੰ ਇੱਥੇ ਕਿਸ ਵਾਸਤੇ ਖੜਾ ਹੈਂ ? ਕੀ ਕੋਈ ਗਲ ਬਾਤ ਕਰਨੀ ਹੈ ? ਤੇਰਾ ਚਿਹਰਾ ਬੜਾ ਮੁਰਝਾਇਆ ਹੋਇਆ ਹੈ, ਕੀ ਕੋਈ ਚਿੰਤਾ ਲਗ ਗਈ ਹੈ ?

ਭਾਈ ਜੀ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ, " ਮਹਾਰਾਜ, ਮੈਂ ਬੀਰੋ ਨਗਰ ਵਿਚ ੧੪੦੦ ਰੁਪੈ ਦੀ ਖੰਡ ਲੈ ਕੇ ਊਠਾਂ ਵਾਲਿਆਂ ਕੋਲ ਰਖ ਆਇਆ ਹਾਂ। ਉੱਥੇ ਨਾ ਕੋਈ ਬਰਸਾਤੀ ਹੈ ਅਤੇ ਨਾ ਕੋਈ ਸਾਇਬਾਨ ਹੈ। ਊਠਾਂ ਵਾਲੇ ਬਲੋਚ ਹਨ, ਉਨ੍ਹਾਂ ਨੂੰ ਮੇਰੇ ਨੁਕਸਾਨ ਨਾਲ ਕੀ ਵਾਸਤਾ ? ਇੱਥੇ ਜਿਸਤਰ੍ਹਾਂ ਬਾਰਸ਼ ਹੋ ਰਹੀ ਹੈ, ਜੇ ਉੱਥੇ ਵੀ ਇਸਤਰ੍ਹਾਂ ਹੀ ਹੋਵੇ ਤਾਂ ਮੇਰੀ ਖੰਡ ਤਾਂ ਸਾਰੀ ਹੀ ਸ਼ਰਬਤ ਬਣ ਕੇ ਬਹਿ ਗਈ ਹੋਵੇਗੀ ਅਥਵਾ ਬਹਿ ਰਹੀ ਹੋਵੇਗੀ, ਮੇਰਾ ਤਾਂ ੧੪੦੦ ਰੁਪੈ ਦਾ ਸਾਰਾ ਹੀ ਨੁਕਸਾਨ ਹੋ ਜਾਵੇਗਾ। ਹੇ ਸਤਿਗੁਰੂ ਜੀ, ਆਪ ਜੀ ਦਾ ਦਰਸ਼ਨ ਤਾਂ ਅਗਨ ਨਿਰਵਾਰੀ ਹੈ ਪਰ ਮੈਨੂੰ ਖੰਡ ਦੀ ਬਹੁਤ ਚਿੰਤਾ ਲਗੀ ਹੋਈ ਹੈ। ਮੈਂ ਆਪ ਜੀ ਕੋਲੋਂ ਜਾਣ ਦੀ ਆਗਿਆ ਲੈਣ ਵਾਸਤੇ ਆਇਆ ਹਾਂ ਤਾਂ ਜੋ ਖੰਡ ਵਾਸਤੇ ਕੋਈ ਚਾਰਾ ਕਰ ਸਕਾਂ।"

ਸਤਿਗੁਰੂ ਜੀ, ਭਾਈ ਜੀ ਵੱਲ ਵੇਖ ਕੇ ਕੁਝ ਮੁਸਕਰਾਏ ਅਤੇ ਬਚਨ ਕੀਤਾ, " ਭਾਈ, ਜੇ ਕੋਈ ਗੁਰੂ ਦਰਸ਼ਨ ਕਰਨ ਵਾਸਤੇ ਜਾਂਦਾ ਹੈ, ਤਾਂ ਗੁਰੂ ਉਸਦੀ ਆਪ, ਹਰ ਤਰ੍ਹਾਂ ਦੀ ਰਾਖੀ ਕਰਦਾ ਹੈ।

**ਗੁਰ ਰਖਵਾਲੇ ਹੈਂ ਜਿਤ ਕੇਤ, ਵਾਲ ਨ ਬੀਗਾ ਹੋਵਨ ਦੇਤ,**

ਅਥਵਾ **ਗੁਰ ਦਰਸਨ ਕੋ ਜੋ ਚਲ ਆਵੈ, ਸਤਿਗੁਰ ਰਾਖਾ ਤਾਹਿ ਸਦਾਵੈ।**

**ਤਾਤੀ ਵਾਉ ਨ ਲਾਗਨ ਦੇਈ, ਦਰਸਨ ਕੋ ਆਵਤ ਹੈਂ ਜੇਈ।**

( ਸੰਤ ਧਿਆਨ ਸਿੰਘ ਜੀ )

ਭਾਈ, ਤੂੰ ਫ਼ਿਕਰ ਨ ਕਰ, ਤੇਰੀ ਖੰਡ ਪਰੇ ਹੈ ਅਤੇ ਬਾਰਸ਼ ਉਰੇਰੇ ਹੀ ਹੋ ਰਹੀ ਹੈ। ਤੂੰ ਨਿਸਚਿੰਤ ਹੋ ਕੇ ਬੈਠਾ ਰਹੁ, ਜਦੋਂ ਬਾਰਸ਼ ਥੰਮੇਗੀ ਫਿਰ ਤੇਰੀ ਮਰਜ਼ੀ ਭਾਵੇਂ ਰਹੀਂ ਭਾਵੇਂ ਚਲਾ ਜਾਵੀਂ। ਭਾਈ ਤੂੰ ਹਾਲਾਂ ਇਥੇ ਹੀ ਰਹੁ, ਸਾਨੂੰ ਤੇਰੇ ਨਾਲ ਕੋਈ ਕੰਮ ਵੀ ਹੈ।

ਭਾਈ ਜੀ ਨੇ ਅਧੀਨਗੀ ਸਹਿਤ ਬੇਨਤੀ ਕੀਤੀ, " ਮਹਾਰਾਜ, ਪਾਤਸ਼ਾਹ ਨੂੰ ਇਸ ਕੀਟ ਨਾਲ ਕੀ ਕੰਮ ਪੈ ਸਕਦਾ ਹੈ ?"

ਸਤਿਗੁਰੂ ਜੀ ਨੇ ਕਿਹਾ , " ਭਾਈ, ਤੂੰ ਵੇਖ ਹੀ ਲਿਆ ਹੈ ਨਾ
ਕਿ ਇੱਥੇ ਲੰਗਰ ਕਿਸ ਤਰ੍ਹਾਂ ਚਲ ਰਿਹਾ ਹੈ , ਸਾਨੂੰ ਲੰਗਰ ਵਾਸਤੇ ਦਾਣੇ ਢੋਣ ਵਾਸਤੇ ਊਠਾਂ ਦੀ ਲੋੜ ਹੈ, ਤੇਰੇ ਪਾਸੇ ( ਇਲਾਕੇ ) ਵਲ ਊਠ ਸਸਤੇ ਮਿਲ ਜਾਂਦੇ ਹਨ । ਅਸੀਂ ਰੁਪੈ ਦੇ ਕੇ ਕੁਝ ਸਿੱਖ ਤੇਰੇ ਕੋਲ ਭੇਜਾਂਗੇ , ਤੂੰ ਉਨ੍ਹਾਂ ਨੂੰ ਊਠ ਮੁੱਲ ਲੈ ਦੇਵੀਂ ।"

ਭਾਈ ਜੀ ਨੇ ਬੇਨਤੀ ਕੀਤੀ, " ਸਤਿਬਚਨ ਮਹਾਰਾਜ, ਮੇਰੇ ਵਡੇ ਭਾਗ ਹੋਣਗੇ ਜੇ ਮੈਂ ਗੁਰ ਘਰ ਦੀ ਕੋਈ ਸੇਵਾ ਕਰ ਸਕਿਆ।"

ਭਾਈ ਜੀ ਨੇ ਉਹ ਸਾਰੀ ਰਾਤ ਸੋਚਾਂ ਸੋਚਦਿਆਂ ਹੀ ਗੁਜ਼ਾਰੀ । ਜਦੋਂ ਸਤਿਗੁਰੂ ਜੀ ਦੇ ਚਰਨ ਯਾਦ ਕਰਦਾ ਤਾਂ ਦਿਲ ਨੂੰ ਕੁਝ ਸ਼ਾਂਤੀ ਹੁੰਦੀ ਪਰ ਜਦੋਂ ਬਾਰਸ਼ ਦੇ ਪਾਣੀ ਵਲ ਵੇਖਦਾ ਤਾਂ ਫਿਰ ਚਿੰਤਾ ਲਗ ਜਾਂਦੀ ।

ਸਵੇਰ ਹੁੰਦਿਆਂ ਸਾਰ ਹੀ, ਭਾਈ ਜੀ ਸਤਿਗੁਰੂ ਜੀ ਕੋਲੋਂ ਆਗਿਆ ਲੈ ਕੇ ਅਤੇ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ, ਤੁਰ ਪਏ । ਰਾਹ ਵਿਚ ਬਾਰਸ਼ ਦਾ ਪਾਣੀ ਗੋਡਿਆਂ ਤਕ ਚੜ੍ਹਿਆ ਹੋਇਆ ਸੀ। ਪਾਣੀ ਵਲ ਵੇਖ ਕੇ ਫਿਰ ਚਿੰਤਾ ਲੱਗ ਗਈ ।

## ਏਤੀ ਬਰਖਾ ਕੇ ਹੁਤੇ ਖਾਂਡ ਬਚੀ ਕਿਮ ਹੋਇ
## ਕਿਆ ਜਾਣੇ ਕਿਛ ਸਤਿਗੁਰੂ ਕਿਰਪਾ ਕਰਿ ਹੈ ਸੋਇ

(ਸੰਤ ਧਿਆਨ ਸਿੰਘ ਜੀ)

ਵਾਪਸ ਆਉਂਦਿਆਂ ਰਾਹ ਵਿਚ ਭਾਈ ਜੀ ਨੂੰ ਇਕ ਨਾਮਧਾਰੀ ਸਿੱਖ ਮਿਲਿਆ , ਦੁਹਾਂ ਨੇ ਇਕ ਦੂਜੇ ਨੂੰ ਸਤਿ ਸ੍ਰੀ ਅਕਾਲ ਕਹੀ । ਉਹ ਸਿੱਖ ਜਾਪਦਾ ਤਾਂ ਗਰੀਬ ਸੀ ਪਰ ਸਿੱਖੀ ਸਿਦਕ ਵਲੋਂ ਬੜਾ ਪੱਕਾ ਸੀ । ਉਸ ਨੇ ਭਾਈ ਨੂੰ ਪੁੱਛਿਆ, " ਭਾਈ ਜੀ, ਤੁਸੀਂ ਕਿਧਰੋਂ ਆ ਰਹੇ ਹੋ ਅਤੇ ਕਿਧਰ ਜਾ ਰਹੇ ਹੋ ?"
ਭਾਈ ਹਰਮੀਤ ਸਿੰਘ ਜੀ ਕਿਹਾ, " ਐ ਵੀਰ , ਮੈਂ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਆ ਰਿਹਾ ਹਾਂ । ਪਹਿਲਾਂ ਤਾਂ ਮੈਂ ਆਮ ਸਿੱਖਾਂ ਵਾਂਙ ਹੀ ਸਾਂ ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਸ ਸੁਣ ਕੇ ਗੁਰ ਮੰਤਰ ਲੈਣ ਵਾਸਤੇ ਇੱਥੇ ਆਇਆ ਸਾਂ । ਵੀਰ ਸੱਚ ਜਾਣ

## ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ।

ਜਿਹੜੇ ਲੱਛਣ ਪੂਰੇ ਸਤਿਗੁਰੂ ਵਿਚ ਹੋਣੇ ਚਾਹੀਦੇ ਹਨ ਉਹ ਮੈਂ ਸਾਰੇ ਹੀ ਸਤਿਗੁਰੂ ਰਾਮ ਸਿੰਘ ਜੀ ਵਿਚ ਪਰਤੱਖ ਵੇਖੇ ਹਨ । ਮੈਂ ਪੂਰਨ ਗੁਰੂ ਜਾਣ ਕੇ ਹੀ ਉਨ੍ਹਾਂ ਕੋਲੋਂ ਗੁਰਮੰਤਰ ( ਭਜਨ ) ਲੈ ਕੇ ਹੁਣ ਆਪਣੇ ਨਗਰ ਵਾਪਸ ਜਾ ਰਿਹਾ ਹਾਂ।

ਵੀਰ, ਮੈਂ ਤੈਨੂੰ ਸੱਚੀ ਗਲ ਦੱਸਦਾ ਹਾਂ, ਮੈਂ ਵਪਾਰ ਕਰਦਾ ਹਾਂ ਅਤੇ ਵਪਾਰ ਕਰਨ ਵਾਸਤੇ ਮੈਂ ੧੪੦੦ ਰੁਪੈ ਦੀ ਖੰਡ ਮੁੱਲ ਲੈ ਕੇ ਬੈਰੋ ਨਗਰ ਉਠਾਂ ਵਾਲਿਆਂ ਕੋਲ ਰਖ ਆਇਆ ਹਾਂ, ਖੰਡ ਉੱਤੇ ਨਾ ਕੋਈ ਬਰਸਾਤੀ ਹੈ ਅਤੇ ਨਾ ਕੋਈ ਸਾਇਬਾਨ ਹੈ। ਮੈਨੂੰ ਇਹ ਚਿੰਤਾ ਲਗੀ ਹੋਈ ਹੈ ਕਿ ਬਰਸਾਤ ਹੋਣ ਕਾਰਨ, ਮੇਰੀ ਖੰਡ ਬਰਸਾਤ ਦੇ ਪਾਣੀ ਨਾਲ ਸ਼ਰਬਤ ਬਣ ਕੇ ਬਹਿ ਨ ਗਈ ਹੋਵੇ। ਮੈਂ ਇਸੇ ਲਈ ਛੇਤੀ ਛੇਤੀ ਜਾ ਰਿਹਾ ਹਾਂ ਕਿ ਖੰਡ ਦਾ ਬਚਾਉ ਜੋ ਥੋੜਾ ਬਹੁਤਾ ਹੋ ਸਕੇ ਤਾਂ ਕਰ ਲਵਾਂ ਨਹੀ ਤਾਂ ਮੇਰਾ ਸਾਰੇ ਦਾ ਸਾਰਾ ਹੀ ਨੁਕਸਾਨ ਹੋ ਜਾਵੇਗਾ। ਵੀਰ, ਮੈਂ ਭਾਵੇਂ ਕੁਝ ਚਿਰ ਹੋਰ ਵੀ ਸਤਿਗੁਰੂ ਜੀ ਦੇ ਦਰਸ਼ਨ ਕਰ ਲੈਂਦਾ ਪਰ ਮੈਨੂੰ ਖੰਡ ਦੀ ਚਿੰਤਾ ਨੇ ਵਾਪਸ ਜਾਣ ਵਾਸਤੇ ਮਜਬੂਰ ਕਰ ਦਿੱਤਾ ਹੈ। ਵੀਰ, ਮੈਨੂੰ ਭਾਵੇਂ ਸਤਿਗੁਰੂ ਜੀ ਨੇ ਕਿਹਾ ਵੀ ਹੈ ਕਿ ਤੂੰ ਚਿੰਤਾ ਨਾ ਕਰ, ਤੇਰੀ ਖੰਡ ਪਰੇ ਹੈ ਅਤੇ ਬਾਰਸ਼ ਉਰੇ ਉਰੇ ਹੀ ਹੈ ਪਰ ਬਾਰਸ਼ ਦੇ ਬੇ ਬਹਾ ਪਾਣੀ ਵਲੋਂ ਵੇਖ ਕੇ ਧੀਰਜ ਨਹੀਂ ਬਝਦੀ ਫਿਰ ਚਿੰਤਾ ਲੱਗ ਜਾਂਦੀ ਹੈ।

ਉਸ ਸਿੱਖ ਨੇ ਕਿਹਾ, " ਭਾਈ ਤੂੰ ਚਿੰਤਾ ਨ ਕਰ, ਸਤਿਗੁਰੂ ਜੀ ਦੇ ਬਚਨਾਂ ਤੇ ਭਰੋਸਾ ਰਖ। ਤੂੰ ਤਾਂ ਇੰਨਾ ਕੂ ਪਾਣੀ ਵੇਖ ਕੇ ਹੀ ਡਰ ਗਿਆ ਹੈਂ ਸਤਿਗੁਰ ਤਾਂ

**ਜਮ ਤੇ ਰਾਖੈ ਦੇ ਕਰਿ ਹਾਥ** ਮਹਲਾ ੫ (ਪੰਨਾ ੧੧੫੮)

ਭਾਈ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ

**ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਸਾ ॥**

**ਦ੍ਰਿਸਟਮਾਨ ਹੈ ਸਗਲ ਬਿਨਾਸੀ,**

**ਇਕਿ ਸਾਧ ਬਚਨੁ ਆਗਾਧਾ ॥** ਮਹਲਾ ੫ (ਪੰਨਾ ੧੨੦੪)

ਭਾਈ ਇੱਥੇ ਤਾਂ ਇਕ ਸਾਧ ਦੇ ਬਚਨ ਬਾਰੇ ਲਿਖਿਆ ਹੈ ਕਿ ਦੁਨੀਆ ਭਾਵੇਂ ਸਾਰੀ ਤਬਾਹ ਹੋ ਜਾਵੇ ਪਰ ਇਹ ਕਦੇ ਹੋ ਨਹੀਂ ਹੋ ਸਕਦਾ ਕਿ ਸਾਧ ਦਾ ਬਚਨ ਪੂਰਾ ਨ ਹੋਵੇ। ਭਾਈ ਜਦ ਇਕ ਸਾਧ ਦਾ ਬਚਨ ਅਵੱਸ਼ ਹੀ ਪੂਰਾ ਹੁੰਦਾ ਹੈ ਤਾਂ ਸਾਧਾਂ ਦੇ ਬਣਾਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਪੂਰੇ ਕਿਉਂ ਨ ਹੋਣ ਗੇ। ਭਾਈ, ਤੂੰ ਰੱਤੀ ਭਰ ਵੀ ਚਿੰਤਾ ਨ ਕਰ, ਸਤਿਗੁਰੂ ਜੀ ਦੇ ਬਚਨਾਂ ਤੇ ਭਰੋਸਾ ਰਖ ਅਤੇ ਭਜਨ ਕਰਦਾ ਚਲਾ ਜਾਹ। ਭਾਈ, ਜੇ ਸਤਿਗੁਰੂ ਜੀ ਦੇ ਬਚਨਾਂ ਅਨੁਸਾਰ ਤੇਰੀ ਰਖਿਆ ਨ ਹੋਈ ਭਾਵ ਜੇ ਤੇਰਾ ੧੪੦੦ ਰੁਪੈ ਦਾ ਨੁਕਸਾਨ ਹੋਇਆ ਤਾਂ ਮੈਂ ਤੈਨੂੰ ੨੮੦੦ ਰੁਪੈ ਦੇਣ ਦਾ ਜ਼ਿੰਮਾ ਚੁਕਦਾ ਹਾਂ।

ਭਾਈ ਯਾਦ ਰਖ ਕਿ **ਪੰਥ ਗੁਰੂ ਜੋ ਪੈਰ ਟਿਕਾਵੈ, ਤਾਕਾ ਰੋਮ ਨ ਕੋਇ ਦੁਖਾਵੈ।**

(ਸੰਤ ਧਿਆਨ ਸਿੰਘ ਜੀ)

ਉਸ ਸਿੱਖ ਦੇ ਬਚਨ ਸੁਣ ਕੇ ਭਾਈ ਜੀ ਨੂੰ ਕੁਝ ਧਰਵਾਸ ਹੋਇਆ ਅਤੇ ਉਸ ਸਿੱਖ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਅੱਗੇ ਨੂੰ ਤੁਰ ਪਏ ।
ਭਾਈ ਜੀ ਭਾਵੇਂ ਭਜਨ ਕਰਦੇ ਜਾ ਰਹੇ ਸਨ, ਪਰ ਬਾਰਸ਼ ਦੇ ਪਾਣੀ ਵਲੋਂ ਵੇਖਕੇ ਫਿਰ ਚਿੰਤਾ ਕਰਨ ਲਗ ਪਏ । ਕਈ ਤਰ੍ਹਾਂ ਦੀਆਂ ਸੋਚਾਂ ਸੋਚਦੇ ਕਾਹਲੀ ਕਾਹਲੀ ਜਾ ਰਹੇ ਸਨ । ਜਦੋਂ ਬੰਗਾ ਨਗਰ ਸਿਰਫ ਦੋ ਕੁ ਕੋਹ ਦੀ ਵਿੱਥ ਤੇ ਰਹਿ ਗਿਆ ਤਾਂ ਭਾਈ ਜੀ ਕੀ ਵੇਖਦੇ ਹਨ ਕਿ ਉੱਥੇ ਤਾਂ ਬਾਰਸ਼ ਦੀ ਇਕ ਕਣੀ ਵੀ ਪਈ ਹੋਈ ਨਹੀਂ ਸੀ ਦਿੱਸਦੀ , ਰਾਹ ਜਾਂਦਿਆਂ ਘੱਟਾ ਉਡਦਾ ਸੀ ।
ਸਤਿਗੁਰੂ ਜੀ ਦੀ ਜ਼ਾਹਰੀ ਕਰਾਮਾਤ ਵੇਖਕੇ ਭਾਈ ਜੀ ਖੁਸ਼ੀ ਵਿਚ ਫੂਲੇ ਨ ਸਮਾਏ ਅਤੇ ਖੁਸ਼ੀ ਵਿਚ ਹੀ ਪੜ੍ਹਨ ਲੱਗ ਪਏ :-

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ,
ਤੂ ਸਾਹਿਬ ਗੁਣੀਨਿਧਾਨ ॥
ਤੁਮਰੀ ਮਹਿਮਾ ਬਰਨਿ ਨ ਸਾਕਉ,
ਤੂੰ ਠਾਕੁਰ ਊਚਭਗਵਾਨ ॥
ਮਹਲਾ ੪ (ਪੰਨਾ ੭੩੫)

ਭਾਈ ਜੀ ਉੱਥੇ ਹੀ ਸ੍ਰੀ ਭੈਣੀ ਸਾਹਿਬ ਵੱਲ ਮੂੰਹ ਕਰ , ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਧਿਆਨ ਧਰਕੇ ਧਰਤੀ ਤੇ ਬਾਰ ਬਾਰ ਨਮਸਕਾਰ ਕਰਨ ਲਗ ਪਏ

ਕੋਡਿਉਤਿ ਚੰਦਨ ਅਨਿਕ ਬਾਰ, ਸਰਬ ਕਲਾ ਸਮਰਥ ॥
(ਮਹਲਾ ੫ ਪੰਨਾ ੨੯੬)

ਭਾਈ ਜੀ ਬਾਰ ਬਾਰ ਇਹੀ ਕਹਿਣ :-

ਸਤਿਗਰ ਮੈਂ ਬਲਿਹਾਰੀ ਤੋਰ ॥
ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
(ਰਾਮਾਨੰਦ ਜੀ ਪੰਨਾ ੧੧੯੫)
ਮੈਂ ਬਲਿਹਾਰੀ ਲਖ ਲਖ ਵਾਰੀ ॥
ਮੂਰਤਿ ਗੁਰੂ ਰਾਮ ਸਿੰਘ ਪਿਆਰੀ ॥
(ਸੰਤ ਧਿਆਨ ਸਿੰਘ ਜੀ)
ਸਿਖਨ ਕੇ ਰਖਵਾਲੇ ਸ੍ਵਾਮੀ ॥ ਗੁਰੂ ਧੰਨ ਹੈ ਅੰਤ੍ਰਜਾਮੀ ॥

ਹੁਣ ਭਾਈ ਜੀ ਖੁਸ਼ੀ ਖੁਸ਼ੀ ਅਪਣੇ ਪੈਂਡੇ ਜਾ ਰਹੇ ਸਨ । ਜਦੋਂ ਥੀਗੇ ਨਗਰ ਪਹੁੰਚੇ, ਅਪਣੀ ਖੰਡ ਨੂੰ ਵੇਖਿਆ । ਖੰਡ ਬਿਲਕੁਲ ਠੀਕ ਸੀ, ਪਾਣੀ ਦੀ ਇੱਕ ਛਿੱਟ ਵੀ ਨਹੀਂ ਸੀ ਪਈ ਹੋਈ । ਇੱਕ ਤਾਂ ਰੱਤੀ ਭਰ ਵੀ ਨੁਕਸਾਨ ਨ ਹੋਣ ਕਾਰਨ ਅਤੇ ਦੂਜਾ ਸਤਿਗੁਰੂ ਜੀ ਦੇ ਬਚਨ ਪੂਰੇ ਹੋਣ ਕਾਰਨ ਭਾਈ ਜੀ ਬਹੁਤ ਹੀ ਖੁਸ਼ ਹੋਏ । ਚਾਈਂ ਚਾਈਂ ਉਨ੍ਹਾਂ ਨੇ ਸਾਰੀ ਵਿਥਿਆ ਉਠਾਂ ਵਾਲਿਆਂ ਨੂੰ ਸੁਣਾਈ । ਉਹ ਬੜੇ ਹੈਰਾਨ ਵੀ ਹੋਏ ਅਤੇ ਖੁਸ਼ ਵੀ ਹੋਏ । ਹੁਣ ਭਾਈ ਜੀ ਚਾਹੁੰਦੇ ਸਨ ਕਿ ਮੈਂ ਫਿਰ ਜਾ ਕੇ ਸੱਚੇ ਅਤੇ ਪੂਰੇ ਗੁਰੂ ਜੀ ਦੇ ਦਰਸ਼ਨ ਕਰਾਂ ਪਰ ਭਗਵਾਨ ਦੀ ਮਾਇਆ ਨੇ ਉਨ੍ਹਾਂ ਨੂੰ ਵਾਪਸ ਅਪਣੇ ਨਗਰ ਜਾਣ ਲਈ ਪ੍ਰੇਰ ਲਿਆ । ਹੁਣ ਸਾਰੀ ਤਿਆਰੀ ਕਰਕੇ, ਉਠਾਂ ਉੱਤੇ ਖੰਡ ਲਦ ਕੇ ਅਤੇ ਆਪ ਵੀ ਇੱਕ ਉਠ ਉੱਤੇ ਬਹਿ ਕੇ ਅਪਣੇ ਨਗਰ ਵਲ ਚਾਲੇ ਪਾ ਦਿੱਤੇ । ਰਾਹ ਵਿਚ ਵੀ ਭਾਈ ਜੀ ਇਹੀ ਸੋਚਣ

ਜਾਵੋਂ ਫਿਰ ਹਟ ਗੁਰ ਪੁਰ ਹੀ ਕੋ ॥ ਲਗੇ ਨ ਭਲਾ ਆਨ ਕਿਛ ਜੀ ਕੋ,

(ਸੰਤ ਧਿਆਨ ਸਿੰਘ ਜੀ)

ਪਤਾ ਨਹੀਂ ਕਿ ਸਤਿਗੁਰੂ ਜੀ ਨੇ ਭਾਈ ਜੀ ਦਾ ਸਿਦਕ ਪਰਖਣਾ ਸੀ ਜਾਂ ਕੋਈ ਹੋਰ ਕਉਤਕ ਵਿਖਾ ਕੇ ਕਿਰਪਾ ਕਰਨੀ ਸੀ ਕਿ ਰਾਹ ਵਿਚ ਇਕ ਉਠ ਛੰਭ ਦੇ ਕਿਨਾਰੇ ਡਿਗ ਪਿਆ ਅਤੇ ਖੰਡ ਦੀ ਇਕ ਬੋਰੀ ਵੀ ਜਲ ਵਿਚ ਡਿਗ ਪਈ । ਹੁਣ ਫਿਰ ਭਾਈ ਜੀ ਡੋਲ ਗਏ ਅਤੇ ਫਿਰ ਚਿੰਤਾ ਕਰਨ ਲਗ ਪਏ ।

ਝਟ ਕੁ ਪਿਛੋਂ ਉਠ ਵੀ ਖੜਾ ਹੋ ਗਿਆ ਅਤੇ ਖੰਡ ਦੀ ਬੋਰੀ ਵੀ ਪਾਣੀ ਵਿਚੋਂ ਕਢੀ ਗਈ । ਉਠ ਵੀ ਠੀਕ ਸੀ ਅਤੇ ਖੰਡ ਵੀ ਠੀਕ ਸੀ । ਇਹ ਅਚੰਭਾ ਕਉਤਕ ਵੇਖ ਕੇ ਭਾਈ ਜੀ ਬਹੁਤ ਹੀ ਹੈਰਾਨ ਹੋਏ ਅਤੇ ਸਤਿਗੁਰੂ ਜੀ ਪ੍ਰਤੀ ਸ਼ਰਧਾ ਇੰਨੀ ਵਧ ਗਈ ਕਿ ਉਹ ਚਾਹੁੰਦੇ ਸਨ ਕਿ

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ

ਤੰਨਿ ਜੜਾਂਈ ਆਪਣੇ ਲਹਾਂ ਸੋ ਸਜਣ ਟੋਲਿ

(ਸਲੋਕ ਮਹਲਾ ੫ ਪੰਨਾ ੧੪੨੬)

ਹੁਣ ਤਾਂ ਭਾਈ ਜੀ ਵਾਸਤੇ

ਮੋ ਕੋ ਘੜੀ ਨ ਏਕ ਅਰਾਮ ॥ ਕਬ ਦਰਸੋਂ ਗੁਰ ਕੇਹਰ ਰਾਮ,

ਲਗੀ ਧੀਕ ਗਾੜ੍ਹੀ ਗੁਰ ਭਾਈ ॥ ਚਲੀਏ ਤਹਾਂ ਫਿਰ ਜੋਏ ਸਹਾਈ

(ਖ੍ਰਿਤੀ) (ਸੰਤ ਧਿਆਨ ਸਿੰਘ ਜੀ)

Sri Satguru Jagjit Singh Ji Elibrary NamdhariElibrary@gmail.com

ਹੁਣ ਫਿਰ ਭਾਈ ਜੀ ਅਗਲੇ ਪੈਂਡੇ ਵਾਸਤੇ ਤੁਰ ਪਏ।
ਖੁਸ਼ੀ ਖੁਸ਼ੀ ਅਪਣੇ ਨਗਰ ਪਹੁੰਚ ਗਏ।

ਭਾਈ ਜੀ ਭਾਵੇਂ ਸਹੀ ਸਲਾਮਤ ਅਪਣੇ ਘਰ ਪਹੁੰਚ ਗਏ ਸਨ ਪਰ ਹੁਣ ਉਨ੍ਹਾਂ ਦਾ ਜੀ ਘਰ ਵਿਚ ਨਹੀਂ ਸੀ ਲੱਗ ਰਿਹਾ, ਉਹ ਚਾਹੁੰਦੇ ਸਨ ਕਿ ਜਲਦੀ ਤੋਂ ਜਲਦੀ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ। ਹੁਣ ਤਾਂ ਉਨ੍ਹਾਂ ਨੂੰ

## ਗੁਰ ਦਰਸਨ ਬਿਨ ਚੈਨ ਨ ਆਵੈ ।

ਸ਼ਾਇਦ ਉਹ ਫਿਰ ਜਲਦੀ ਹੀ ਸ੍ਰੀ ਭੈਣੀ ਸਾਹਿਬ ਚਲੇ ਜਾਂਦੇ ਪਰ ਉਨ੍ਹਾਂ ਨੂੰ ਸਤਿਗੁਰੂ ਜੀ ਦਾ ਇਹ ਹੁਕਮ ਯਾਦ ਸੀ ਕਿ ਸਤਿਗੁਰੂ ਜੀ ਕੁਝ ਸਿੱਖ ਭਾਈ ਜੀ ਕੋਲ ਭੇਜਣਗੇ, ਭਾਈ ਜੀ, ਉਨ੍ਹਾਂ ਸਿੱਖਾਂ ਦੀ ਊਠ ਮੁੱਲ ਲੈਣ ਵਿਚ ਮਦਦ ਕਰਨ। ਕਈ ਦਿਨ ਉਡੀਕਦੇ ਰਹੇ ਪਰ ਸਿਖ ਨ ਆਏ। ਹੁਣ ਭਾਈ ਜੀ ਨਾ ਤਾਂ ਸ੍ਰੀ ਭੈਣੀ ਸਾਹਿਬ ਜਾ ਸਕਦੇ ਸਨ ਅਤੇ ਨਾ ਹੀ ਘਰ ਵਿਚ ਜੀ ਲਗਦਾ ਸੀ। ਬੜੇ ਉਦਾਸ ਰਹਿੰਦੇ ਸਨ।

ਅਚਾਨਕ ਹੀ, ਇਕ ਦਿਨ ਸਤਿਗੁਰੂ ਜੀ ਦੇ ਭੇਜੇ ਹੋਏ ਪੰਜ ਸਿੱਖ ਪੁੱਛਦੇ ਪੁੱਛਦੇ ਭਾਈ ਜੀ ਦੇ ਘਰ ਆ ਗਏ। ਭਾਈ ਜੀ ਬੜੇ ਖੁਸ਼ ਹੋਏ। ਭਾਈ ਜੀ ਨੇ ਵੀ ਅਤੇ ਆਉਣ ਵਾਲੇ ਸਿੱਖਾਂ ਨੇ ਵੀ ਇਕ ਦੂਜੇ ਦੀ ਚਰਨੀਂ ਹੱਥ ਲਾ ਕੇ ਸਤਿ ਸ੍ਰੀ ਅਕਾਲ ਕਹੀ। ਸਿੱਖਾਂ ਵਾਸਤੇ ਮੰਜੇ ਡਾਹ ਗਏ। ਭਾਈ ਜੀ ਦੇ ਪਰਵਾਰ ਨੇ ਸਿੱਖਾਂ ਦੇ ਇਸ਼ਨਾਨ ਕਰਵਾਉਣ ਅਤੇ ਉਨ੍ਹਾਂ ਨੂੰ ਪਰਸ਼ਾਦਾ ਛਕਾਉਣ ਦੀ ਸੇਵਾ ਬੜੇ ਪ੍ਰੇਮ ਨਾਲ ਕੀਤੀ। ਪਰਸ਼ਾਦਾ ਛਕਣ ਅਤੇ ਥੋੜਾ ਜਿਹਾ ਆਰਾਮ ਕਰਨ ਪਿਛੋਂ, ਭਾਈ ਜੀ, ਇਨ੍ਹਾਂ ਸਿਖਾਂ ਨੂੰ ਨਾਲ ਲੈ ਕੇ ਊਠ ਖਰੀਦਨ ਵਾਸਤੇ ਬਾਹਰ ਨਿਕਲ ਤੁਰੇ।

ਭਾਵੇਂ ਭਾਈ ਜੀ ਬੜੇ ਸਿਆਣੇ ਸਨ ਅਤੇ ਉਸ ਇਲਾਕੇ ਦੇ ਚੰਗੇ ਜਾਣੂ-ਪਛਾਣੂ ਸਨ ਪਰ ਫਿਰ ਵੀ ਉਹ ਇਕ ਵੀ ਊਠ ਖਰੀਦਣ ਵਿਚ ਸਫਲ ਨ ਹੋ ਸਕੇ। ਕਈ ਦਿਨ ਦੂਰ ਦੂਰ ਵੀ ਜਾਂਦੇ ਰਹੇ ਪਰ ਫਿਰ ਵੀ ਕੋਈ ਗੱਲ ਨ ਬਣੀ। ਊਠਾਂ ਵਾਲੇ ਜਾਂ ਤਾਂ ਵੇਚਦੇ ਹੀ ਨਹੀਂ ਸਨ ਜਾਂ ਮੁੱਲ ਬਹੁਤ ਮੰਗਦੇ ਸਨ।

ਹੁਣ ਭਾਈ ਜੀ ਸੋਚਣ ਲਗੇ ਕਿ ਜੇ ਇਹ ਸਿੱਖ ਊਠ ਖਰੀਦਣ ਤੋਂ ਬਿਨਾਂ ਖਾਲੀ ਹੀ ਸ੍ਰੀ ਭੈਣੀ ਸਾਹਿਬ ਵਾਪਸ ਗਏ ਤਾਂ ਮੇਰੀ ਕੀ ਰਹਿ ਜਾਵੇਗੀ ਅਤੇ ਫਿਰ ਜਦੋਂ ਮੈਂ ਆਪ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਜਾਵਾਂਗਾ ਤਾਂ ਕਿਹੜਾ ਮੂੰਹ ਲੈ ਕੇ ਜਾਵਾਂਗਾ? ਬੜੀ ਸ਼ਰਮ ਆਵੇਗੀ।

ਜਦੋਂ ਭਾਈ ਜੀ ਦਾ ਕੋਈ ਚਾਰਾ ਨ ਚਲਿਆ ਤਾਂ ਭਾਈ ਜੀ ਨੇ ਨਿਰਮਾਣ ਹੋ ਕੇ ਅਰਦਾਸ ਕੀਤੀ, "ਗਰੀਬ ਨਿਵਾਜ ਸਤਿਗੁਰੂ ਜੀ, ਮੇਰੀ ਤਾਂ ਕੋਈ ਪੇਸ਼ ਨਹੀਂ ਜਾ ਰਹੀ, ਆਪ ਹੀ ਕਿਰਪਾ ਕਰਕੇ ਅਪਣੇ ਸੇਵਕ ਦਾ ਪਰਦਾ ਢਕੋ।

## ਦਾਸ ਅਪੁਨੇ ਕੀ ਰਾਖਹੁ ਲਾਜ

(ਮਹਲਾ ੪ ਪੰਨਾ ੭੩੬)

ਊਠਾਂ ਦਾ ਪਤਾ ਕਰਦੇ ਕਰਦੇ ਉਹ ਸਾਰੇ ਸ਼ੇਰ ਗੜ੍ਹ ਪਹੁੰਚ ਗਏ ।

ਭਾਈ ਜੀ ਨੂੰ ਇਹ ਹੀ ਚਿੰਤਾ ਲਗੀ ਹੋਈ ਸੀ ਕਿ ਕਿਸੇ ਤਰਾਂ ਊਠ ਮੁੱਲ ਮਿਲ ਜਾਣ । ਬੜੀ ਪੁੱਛ ਗਿਛ ਕੀਤੀ ਪਰ ਕੋਈ ਗੱਲ ਨਾ ਬਣੀ । ਉੱਥੇ ਫਿਰਦਿਆਂ ਫਿਰਦਿਆਂ ਰਾਤ ਪੈ ਗਈ ਅਤੇ ਰਾਤ ਉੱਥੇ ਹੀ ਗੁਜ਼ਾਰੀ । ਚਿੰਤਾ ਕਾਰਨ ਭਾਈ ਜੀ ਨੇ ਸਾਰੀ ਰਾਤ ਤਾਰੇ ਗਿਣਦਿਆਂ ਹੀ ਗੁਜ਼ਾਰੀ ।

ਅਗਲੀ ਸਵੇਰ ਜਦੋਂ ਉਠੇ ਤਾਂ ਕੀ ਵੇਖਦੇ ਕਿ ਕਈ ਊਠਾਂ ਵਾਲੇ ਉਨ੍ਹਾਂ ਦੇ ਆਲੇ ਦੁਆਲੇ ਫਿਰ ਰਹੇ ਹਨ । ਉਨ੍ਹਾਂ ਊਠਾਂ ਵਾਲਿਆਂ ਕੋਲੋਂ ਪਤਾ ਲਗਾ ਕਿ ਸਰਕਾਰ ਨੂੰ ਮਿਲਟਰੀ ਵਾਸਤੇ ਊਠਾਂ ਦੀ ਬੜੀ ਲੋੜ ਪਈ ਹੈ ਮਿਲਟਰੀ ਜਬਰਨ ਊਠ ਖੋਹ ਰਹੀ ਹੈ ਅਤੇ ਦੂਰੋਂ ਦੂਰੋਂ ਵੀ ਫੜ ਫੜ ਕੇ ਊਠ ਲੈ ਜਾ ਰਹੀ ਹੈ । ਊਠਾਂ ਵਾਲਿਆਂ ਨੇ ਇਹ ਵੀ ਕਿਹਾ ਕਿ ਅਸੀਂ ਮਿਲਟਰੀ ਕੋਲੋਂ ਡਰਦੇ, ਆਪਣੇ ਊਠ ਜਿਸ ਭਾ ਵੀ ਵਿਕਣ, ਵੇਚਣ ਆਏ ਹਾਂ । ਅਸੀਂ ਸੋਚਦੇ ਹਾਂ ਕਿ ਮਿਲਟਰੀ ਐਵੇਂ ਜੂ ਖੋਹ ਕੇ ਲੈ ਜਾਵੇਗੀ, ਇਹਦੇ ਨਾਲੋਂ ਚੰਗਾ ਹੈ ਕਿ ਤੁਹਾਡੇ ਕੋਲੋਂ ਜੋ ਵੀ ਊਠਾਂ ਦਾ ਮੁੱਲ ਮਿਲ ਜਾਏ ਉਹ ਹੀ ਲੈ ਲਈਏ ।

ਇਹ ਸੁਣ ਕੇ ਭਾਈ ਜੀ ਬੜੇ ਹੈਰਾਨ ਵੀ ਹੋਏ ਅਤੇ ਖੁਸ਼ ਵੀ ਹੋਏ ਸੋਚਣ ਲਗੇ ਕੇ ਇਹ ਕਉਤਕ ਜ਼ਰੂਰ ਸਤਿਗੁਰੂ ਜੀ ਨੇ ਹੀ ਵਰਤਾਇਆ ਹੋਵੇਗਾ । ਭਾਈ ਜੀ ਕਹਿਣ ਕਿ ਕਿੰਨੇ ਹੀ ਦਿਨ ਸਾਨੂੰ ਫਿਰਦਿਆਂ ਨੂੰ ਹੋ ਗਏ ਹਨ, ਇਕ ਊਠ ਵੀ ਨਹੀਂ ਸੀ ਮਿਲਿਆ ਪਰ ਹੁਣ ਸੈਂਕੜੇ ਹੀ ਊਠ ਮਿਲ ਰਹੇ ਹਨ । ਭਾਈ ਜੀ ਨੇ ਉੱਥੇ ਹੀ ਬੈਠਿਆਂ ਸਤਿਗੁਰੂ ਜੀ ਦਾ ਧਿਆਨ ਧਰ ਕੇ ਨਮਸਕਾਰ ਕੀਤੀ, ਯਾਦ ਆਇਆ ਕਿ ਸਤਿਗੁਰੂ ਅਰਜਨ ਦੇਵ ਜੀ ਨੇ ਸ਼ਾਇਦ ਇਸੇ ਲਈ ਹੀ ਲਿਖਿਆ ਹੈ

**ਜਿਸਕਾ ਕਾਰਜੁ ਤਿਨ ਹੀ ਕੀਆ,**
**ਮਾਣਸੁ ਕਿਆ ਵੇਚਾਰਾ ਰਾਮ ॥** (ਪੰਨਾ ੭੮੪)

ਭਾਈ ਜੀ ਨੇ ਚੁਣ ਚੁਣ ਕੇ ੧੮ ਊਠ ਦਸ ਦਸ ਰੁਪੈ ਤੋਂ ਮੁੱਲ ਲੈ ਅਤੇ ਲਿਖਤ ਪੜ੍ਹਤ ਵੀ ਕਰ ਲਈ । ਰੁਪੈ ਦੇ ਕੇ ਊਠ ਅਪਣੇ ਕਬਜੇ ਵਿਚ ਕਰ ਲੈ । ਊਠਾਂ ਵਾਲੇ ਸਾਰੇ ਵਾਪਸ ਚਲੇ ਗਏ ਅਤੇ ਭਾਈ ਜੀ, ਸਿੱਖਾਂ ਸਮੇਤ, ਸ੍ਰੀ ਭੈਣੀ ਸਾਹਿਬ ਜਾਣ ਦੀਆਂ ਤਿਆਰੀਆਂ ਕਰਨ ਲਗ ਪਏ ।

ਜਿਹੜਾ ਵੀ ਊਠ ਵੇਖਦਾ ਸੀ ਉਹ ਹੀ ਹੈਰਾਨ ਹੁੰਦਾ ਸੀ ਕਿ ਇੰਨੇ ਚੰਗੇ ਅਤੇ ਇੰਨੇ ਸਸਤੇ ਊਠ ਕਿਵੇਂ ਮਿਲ ਗਏ ? ਜਦੋਂ ਚੰਗੀ ਤਰ੍ਹਾਂ ਪਤਾ ਕੀਤਾ ਗਿਆ ਤਾਂ ਪਤਾ ਲਗਾ ਕਿ ਨਾ ਤਾਂ ਸਰਕਾਰ ਨੂੰ ਊਠਾਂ ਦੀ ਲੋੜ ਹੈ ਅਤੇ ਨਾ ਹੀ ਮਿਲਟਰੀ ਖੋਹ ਰਹੀ ਹੈ । ਅਸਲ ਵਿਚ ਭਾਈ ਹਰਮੀਤ ਸਿੰਘ ਦੇ ਗੁਰੂ ਜੀ ਨੇ ਹੀ ਇਹ ਸਾਰਾ ਕਉਤਕ ਵਰਤਾਇਆ ਹੈ

ਲੋਕ ਬਜ਼ਾਰਾਂ ਦੇ ਵਿਚ ਸਾਰੇ, ਬੈਠੇ ਕਰਨ ਵਿਚਾਰਾਂ ।
ਏਕ ਕਹੈ ਸਿਖ ਦੀ ਨਹੀ ਤਾਕਤ ਪਿਛਲੇ ਗੁਰੂ ਦੀਆਂ ਕਾਰਾਂ ।
ਏਹ ਚਰਿਤ੍ਰ ਉਸਕਾ, ਕੋਈ ਲਾਮ ਨਹੀਂ ਸਰਕਾਰਾਂ ।
ਨਾ ਕੋਈ ਦਿਲੀ ਊਠ ਫੜੀਂਦੇ, ਨਹੀਂ ਭਾਰ ਬਰਦਾਰਾਂ ।

(ਸੰਤ ਧਿਆਨ ਸਿੰਘ ਜੀ)

ਲੋਕਾਂ ਕੋਲੋਂ ਸਤਿਗੁਰੂ ਜੀ ਦੀ ਉਸਤਤ ਸੁਣ ਕੇ ਭਾਈ ਜੀ ਬੜੇ ਖੁਸ਼ ਹੋਏ । ਧੰਨ ਧੰਨ ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਹੋਏ ਸਾਰੇ ਊਠਾਂ ਦੀ ਕਤਾਰ ਬਣਾ ਕੇ ਆਏ ਹੋਏ ਪੰਜਾਂ ਸਿੱਖਾਂ ਸਮੇਤ ਸ੍ਰੀ ਭੈਣੀ ਸਾਹਿਬ ਜਾਣ ਵਾਸਤੇ ਚਾਲੇ ਪਾ ਦਿਤੇ ।

ਜਦੋਂ ਸ੍ਰੀ ਭੈਣੀ ਸਾਹਿਬ ਪਹੁੰਚੇ, ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਚਰਨ ਕਮਲਾਂ ਤੇ ਪ੍ਰੇਮ ਸਹਿਤ ਨਮਸਕਾਰ ਕੀਤੀ । ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛ ਕੇ ਬਚਨ ਕੀਤਾ, "ਭਾਈ ਬਹੁਤ ਸੁਹਣੇ ਊਠ ਲਿਆਂਦੇ ਹੋ, ਵੇਖ ਕੇ ਮਨ ਪਰਸੰਨ ਹੋ ਗਿਆ ਹੈ ।"

ਭਾਈ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਜੀ, ਇਹ ਸਾਰੀ ਕਿਰਪਾ ਤੁਹਾਡੀ ਹੀ ਹੈ । ਮੈਂ ਤਾਂ ਊਠ ਮੁੱਲ ਲੈਣ ਲਈ ਕਈ ਦਿਨ ਦੂਰ ਦੂਰ ਤਕ ਟੱਕਰਾਂ ਮਾਰਦਾ ਰਿਹਾ ਸਾਂ ਪਰ ਇੱਕ ਵੀ ਊਠ ਨਹੀਂ ਸੀ ਮਿਲਿਆ ਪਰ ਜਦੋਂ ਆਪ ਜੀ ਦੀ ਕਿਰਪਾ ਹੋਈ ਤਾਂ ਅਨੇਕ ਹੀ ਬਲੋਚ ਊਠ ਵੇਚਣ ਲਈ ਆਪਣੇ ਆਪ ਹੀ ਸਾਡੇ ਡੇਰੇ ਆ ਗਏ ।"

ਜਦੋਂ ਭਾਈ ਜੀ ਨੇ ਦੱਸਿਆ ਕਿ ਹਰ ਇੱਕ ਊਠ ਦਸ ਦਸ ਰੁਪੈ ਤੋਂ ਮੁੱਲ ਲਿਆ ਹੈ ਤਾਂ ਕੋਲ ਖਲੋਤੇ ਮੁਖੀ ਸੂਬੇ ਝੱਟ ਬੋਲ ਉਠੇ, "ਹੈਂ! ਏਡੇ ਸਸਤੇ"

ਭਾਈ ਜੀ ਨੇ ਕਿਹਾ, "ਸੰਤ ਜੀ, ਇਹ ਸਾਰੀ ਕਿਰਪਾ ਸਤਿਗੁਰੂ ਜੀ ਦੀ ਹੈ । ਮੇਰੀ ਕੋਈ ਸਿਆਣਪ ਜਾਂ ਚਤੁਰਾਈ ਨਹੀਂ ਹੈ । ਮੈਂ ਤਾਂ ਕਈ ਦਿਨ ਫਿਰਦਾ ਰਿਹਾ ਸਾਂ, ਮੈਨੂੰ ਤਾਂ ਇਕ ਵੀ ਊਠ ਨਹੀਂ ਸੀ ਮਿਲਿਆ । ਇਹ ਸਤਿਗੁਰੂ ਜੀ ਨੇ ਹੀ ਕੋਈ ਖੇਡ ਵਰਤਾਈ ਸੀ ਕਿ ਸਾਡੇ ਇਲਾਕੇ ਵਿਚ ਗਲਤ ਅਫ਼ਵਾਹ ਫੈਲ ਗਈ ਸੀ ਕਿ ਮਿਲਟਰੀ ਨੂੰ ਊਠਾਂ ਦੀ ਲੋੜ ਪਈ ਹੈ । ਮਿਲਟਰੀ ਦੂਰ ਦੂਰ ਜਾ ਕੇ ਵੀ ਲੋਕਾਂ ਕੋਲੋਂ ਜਬਰਨ ਊਠ ਖੋਹ ਰਹੀ ਹੈ । ਮਿਲਟਰੀ ਕੋਲੋਂ ਡਰਦਿਆਂ ਹੀ ਬਲੋਚਾਂ ਨੇ ਊਠ ਸਸਤੇ ਦੇ ਦਿੱਤੇ ਸਨ । ਬਲੋਚਾਂ ਨੇ ਖਿਆਲ ਕੀਤਾ ਸੀ ਕਿ ਐਵੇਂ ਖੋਹੇ ਜਾਣ ਨਾਲੋਂ ਊਠਾਂ ਦਾ ਜੋ ਵੀ ਮਿਲ ਜਾਏ, ਚੰਗਾ ਹੈ ਭਾਵ ਭਜਦੇ ਚੋਰ ਦੀ ਲੰਗੋਟੀ ਹੀ ਸਹੀ" ।

ਸੰਤ ਜੀ, ਖਿਮਾ ਕਰਨੀ, ਸੱਚੀ ਗੱਲ ਤਾਂ ਇਹ ਹੈ ਕਿ ਇਹ ਸਾਰੀ ਖੇਡ ਸਤਿਗੁਰੂ ਜੀ ਨੇ ਵਰਤਾਈ ਸੀ ।

--- ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰ

ਸੰਤ ਜੀ, ਇਹ ਨ ਸਮਝਿਆ ਜੇ ਕਿ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਹੀ ਬੈਠੇ ਹਨ, ਇਹ ਇੱਥੇ ਬੈਠਿਆਂ ਹੀ ਸਮੁੰਦਰਾਂ, ਕੰਧਾਰਾਂ ਵਿਚ ਜਾ ਕੇ ਅਪਣੇ ਦਾਸਾਂ ਦੇ ਕੰਮ ਸੰਵਾਰ ਆਉਂਦੇ ਹਨ।

ਇਹ ਤੇ ਰੱਬ ਦੀ ਜੋਤ ਚਲ ਆਪ ਆਣੀ
ਅਰਸ਼ੋ ਆਇਆ ਏ ਆਪ ਨਿਰੰਕਾਰ ਏਥੇ
([illegible])

ਸਤਿਗੁਰੂ ਜੀ ਕੁਝ ਮੁਸਕਰਾਏ ਅਤੇ ਕਹਿਆ, "ਭਾਈ, ਹੁਣ ਚੁੱਪ ਵੀ ਕਰ।
ਭਜਨ ਕਰੋ "ਨਾਮ ਜਪੇ ਜੋ ਹੋਤ ਸਹਾਈ" (ਸੰਤ ਧਿਆਨ ਸਿੰਘ ਜੀ)

ਜਰਾ ਕੁ ਠਹਿਰ ਕੇ ਸਤਿਗੁਰੂ ਜੀ ਨੇ ਭਾਈ ਜੀ ਨਾਲ ਬਚਨ ਕਰਦਿਆਂ ਇਹ ਵੀ ਪੁੱਛਿਆ, "ਭਾਈ, ਮੈਨੂੰ ਪਤਾ ਲਗਾ ਸੀ ਕਿ ਜਦੋਂ ਤੂੰ ਊਠਾਂ ਤੇ ਖੰਡ ਲਦ ਕੇ ਵਾਪਸ ਅਪਣੇ ਨਗਰ ਜਾ ਰਿਹਾ ਸੈਂ, ਰਾਹ ਵਿਚ ਇੱਕ ਊਠ ਛੰਭ ਕਿਨਾਰੇ ਡਿਗ ਪਿਆ ਸੀ ਅਤੇ ਖੰਡ ਦੀ ਇਕ ਬੋਰੀ ਵੀ ਜਲ ਵੀ ਜਾ ਪਈ ਸੀ। ਕੀ ਤੇਰਾ ਕੋਈ ਨੁਕਸਾਨ ਤੇ ਨਹੀਂ ਸੀ ਹੋਇਆ ?

ਇਹ ਬਚਨ ਸੁਣਦਿਆਂ ਸਾਰ ਹੀ ਭਾਈ ਜੀ ਕੁਝ ਮਸਤਾਨੇ ਜਿਹੇ ਹੋ ਗਏ, ਝੱਟ ਸਤਿਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਉੱਚੀ ਉੱਚੀ ਬੋਲਣ ਲਗ ਪਏ, "ਸਾਧੋ ਦੱਸੋ ਇਨ੍ਹਾਂ ਨੂੰ ਕਿਸ ਦੱਸਿਆ ਸੀ ਕਿ ਊਠ ਡਿਗਿਆ ਸੀ ਅਤੇ ਖੰਡ ਦੀ ਬੋਰੀ ਪਾਣੀ ਵਿਚ ਜਾ ਪਈ ਸੀ। ਕਿੱਥੇ ਸ੍ਰੀ ਭੈਣੀ ਸਾਹਿਬ ਅਤੇ ਕਿੱਥੇ ਮਿੰਟਗੁਮਰੀ ਦਾ ਇਲਾਕਾ, ਉੱਥੇ ਮੇਰੀ ਸਹਾਇਤਾ ਕੀਤੀ ਸਨ ਨੇ। ਊਠ ਵੀ ਬਚ ਗਿਆ ਸੀ ਅਤੇ ਪਾਣੀ ਵਿਚ ਡਿਗੀ ਖੰਡ ਵੀ ਨਹੀ ਸੀ ਭਿਜੀ। ਸਾਧੋ ਤੁਸੀ ਹੀ ਦਸੋ ਕਿ ਇਹ ਠੀਕ ਨਹੀਂ ਹੈ ਕਿ?

ਜਹ ਜਹ ਕਾਜ ਕਿਰਤਿ ਸੇਵਕ ਕੀ
ਤਹਾ ਤਹਾ ਉਠਿ ਧਾਵੈ ॥ (ਮਹਲਾ ੫. ਪੰਨਾ ੪੦੩)

ਫਿਰ
ਲਾਖੋਂ ਔਗੁਣ ਦਾਸ ਕੇ, ਸਤਿਗੁਰ ਚਿਤਵੈ ਨਾਹਿ।
ਪਾਵਨ ਪਤਿਤ ਸਦਾਏ ਹੈ, ਬਿਪਤਾ ਕਾਟੈ ਤਾਹਿ। (ਸੰਤ ਧਿਆਨ ਸਿੰਘ ਜੀ)

ਹੁਣ ਭਾਈ ਜੀ ਦੀ ਸ਼ਰਧਾ ਹੋਰ ਵੀ ਵਧ ਗਈ, ਹੁਣ ਤਾਂ ਭਾਈ ਜੀ ਸ੍ਰੀ ਭੈਣੀ ਸਾਹਿਬ ਆਮ ਆਉਣ ਜਾਣ ਲਗ ਪਏ।

ਇਕ ਦਿਨ ਭਾਈ ਜੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠੇ ਹੋਏ ਸਨ ਕਿ ਨੇੜੇ ਦੇ ਇਕ ਪਿੰਡ ਦੇ ਸੇਵਕ ਨੇ ਦੋਵੇਂ ਹੱਥ ਜੋੜ ਕੇ ਬੜੀ ਨਿਮਰਤਾ ਸਹਿਤ ਅਰਜ਼ ਕੀਤੀ, " ਹੇ ਗਰੀਬ ਨਿਵਾਜ ਜੀ, ਦਾਸ ਨੇ ਆਪਣੇ ਗਰੀਬ ਖਾਨੇ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਇਆ ਹੈ, ਦਾਸ ਦੀ ਸ਼ਰਧਾ ਹੈ ਕਿ ਪਾਠ ਦਾ ਭੋਗ ਆਪ ਜੀ ਦੀ ਹਜ਼ੂਰੀ ਵਿਚ ਪਵੇ, ਦਾਸ ਦੀ ਅਰਜ਼ ਹੈ ਕਿ ਆਪ ਜੀ ਸੰਗਤ ਸਮੇਤ ਦਾਸ ਦੇ ਗਰੀਬ ਖਾਨੇ ਨੂੰ ਚਰਨ ਪਾ ਕੇ ਪਵਿਤਰ ਕਰੋ ਜੀ।

ਸਤਿਗੁਰੂ ਜੀ ਨੇ ਉਸ ਸਿੱਖ ਦਾ ਪ੍ਰੇਮ ਵੇਖਕੇ ਉਸੇ ਵਕਤ ਹੁਕਮ ਕੀਤਾ, " ਸਾਧ ਸੰਗਤ ਜੀ, ਚਲੋ ਇਸ ਸਿੱਖ ਦੀ ਭਾਵਨਾ ਪੂਰੀ ਕਰੋ "। ਸਤਿਗੁਰੂ ਜੀ ਦਾ ਹੁਕਮ ਹੁੰਦਿਆਂ ਸਾਰ ਹੀ ਬੜੀ ਸੰਗਤ ਉਸ ਸਿੱਖ ਦੇ ਪਿੰਡ ਵਲ ਨੂੰ ਤੁਰ ਪਈ।

ਸਤਿਗੁਰੂ ਜੀ ਵੀ ਚੀਨੀ ਘੋੜੀ ਤੇ ਸਵਾਰ ਹੋ ਗਏ ਅਤੇ ਸੂਬੇ ਵੀ ਆਪਣੇ ਆਪਣੇ ਘੋੜਿਆਂ ਤੇ ਸਵਾਰ ਹੋ ਗਏ। ਐਨ ਉਸ ਸਮੇਂ ਭਾਈ ਹਰਮੀਤ ਸਿੰਘ ਜੀ ਦਾ ਧਿਆਨ, ਚੀਨੀ ਘੋੜੀ ਤੇ ਪਈ ਹੋਈ ਕਾਠੀ ਤੇ ਜਾ ਪਿਆ, ਦਿਲ ਵਿਚ ਖਿਆਲ ਆਇਆ ਕਿ ਸਤਿਗੁਰੂ ਜੀ ਤਾਂ ਅਕਾਲ ਪੁਰਖ ਹਨ, ਸ਼ਾਹਾਨ ਸ਼ਾਹ ਹਨ, ਸਭ ਰਾਜਾਨ ਕੇ ਰਾਜੇ ਹਨ, ਪਰ ਉਨ੍ਹਾਂ ਦੇ ਥੱਲੇ ਕਾਠੀ ਤਾਂ ਬਹੁਤ ਪੁਰਾਣੀ ਹੈ, ਬੜੀ ਭੱਦੀ ਲਗਦੀ ਹੈ, ਇਹ ਕਾਠੀ ਤਾਂ ਸਤਿਗੁਰੂ ਦੀ ਸ਼ਾਨ ਜੋਗ ਨਹੀਂ ਹੈ।

ਤੇ ਸਤਿਗੁਰੂ ਜੀ ਚੀਨੀ ਘੋੜੀ ਨੂੰ ਤੋਰਨ ਹੀ ਲਗੇ ਸਨ ਕਿ ਯਕਦਮ ਘੋੜੀ ਉਤਰ ਪਏ। ਸਤਿਗੁਰੂ ਜੀ ਵਲੋਂ ਵੇਖਕੇ ਸੂਬੇ ਵੀ ਘੋੜਿਆਂ ਤੋਂ ਉਤਰ ਪਏ, ਸੂਬਿਆਂ ਨੇ ਅਰਜ਼ ਕੀਤੀ, " ਸੱਚੇ ਪਾਤਸ਼ਾਹ ਜੀ, ਕੀ ਖਿਆਲ ਆਇਆ ਹੈ ਜੋ ਘੋੜੀ ਤੋਂ ਉਤਰ ਬੈਠੇ ਹੋ "। ਸਤਿਗੁਰੂ ਜੀ ਕੁਝ ਮੁਸਕਰਾਏ ਅਤੇ ਕਿਹਾ, " ਭਾਈ, ਚੀਨੀ ਘੋੜੀ ਤੇ ਪਈ ਹੋਈ ਕਾਠੀ ਬਹੁਤ ਪੁਰਾਣੀ ਹੋ ਗਈ ਹੈ, ਚੰਗੀ ਫਬਦੀ ਨਹੀਂ, ਖਿਆਲ ਆਇਆ ਹੈ ਕਿ ਚੀਨੀ ਘੋੜੀ ਅਤੇ ਸੂਬਿਆਂ ਦੇ ਘੋੜਿਆਂ ਤੇ ਨਵੀਆਂ ਕਾਠੀਆਂ, ਨਵੀਆਂ ਰਕਾਬਾਂ ਅਤੇ ਨਵੇਂ ਖਾਸੇ ਪਾਏ ਜਾਣ।" ਇਹ ਕਹਿੰਦਿਆਂ ਸਾਰ ਸੂਬੇ ਸਾਹਿਬ ਸਿੰਘ ਨੂੰ ਹੁਕਮ ਕੀਤਾ ਕਿ ਅੰਦਰੋਂ ਸਾਰਾ ਸਾਮਾਨ ਨਵਾਂ ਮੰਗਵਾਓ। ਸਤਿਗੁਰੂ ਜੀ ਦਾ ਹੁਕਮ ਹੁੰਦਿਆਂ ਹੀ ਸੇਵਕਾਂ ਨੇ ਚੀਨੀ ਘੋੜੀ ਤੇ ਨਵੀਂ, ਸੁਨਹਿਰੀ ਤਿੱਲੇਦਾਰ ਕਾਠੀ, ਜੋ ਬਹੁਤ ਹੀ ਸੁੰਦਰ ਅਤੇ ਚਮਕੀਲੀ ਸੀ, ਪਾਈ। ਰਕਾਬਾਂ ਵੀ ਨਵੀਆਂ ਅਤੇ ਖਾਸੇ ਵੀ ਨਵੇਂ ਪਾਏ। ਸੂਬਿਆਂ ਦੇ ਘੋੜਿਆਂ ਤੇ ਵੀ ਨਵੀਆਂ ਕਾਠੀਆਂ ਅਤੇ ਨਵੀਆਂ ਰਕਾਬਾਂ ਪਾਈਆਂ ਗਈਆਂ

ਸਾਰੀ ਤਿਆਰੀ ਕਰਕੇ ਅਤੇ ਅਰਦਾਸ ਕਰਕੇ ਜਦੋਂ ਸਤਿਗੁਰੂ ਜੀ ਫਿਰ ਚੀਨੀ ਘੋੜੀ ਤੇ ਸਵਾਰ ਹੋਏ ਤਾਂ ਮੁਸਕਰਾਂਦੇ ਹੋਇ ਭਾਈ ਹਰਮੀਤ ਸਿੰਘ ਜੀ ਨੂੰ ਕਹਿਣ ਲਗੇ, " ਭਾਈ ਹੁਣ ਤਾਂ ਠੀਕ ਹੈ ਨਾ, ਹੁਣ ਤਾਂ ਕਾਠੀ ਭੱਦੀ ਨਹੀਂ ਜਾਪਦੀ, ਹੁਣ ਤਾਂ ਤੇਰੀ ਸ਼ਰਧਾ ਪਰੀ ਹੋ ਗਈ ਹੈ ਨਾ!" ਇਹ ਸੁਣਦਿਆਂ ਸਾਰ ਹੀ ਭਾਈ ਜੀ ਬੜੇ ਹੈਰਾਨ ਹੋਏ। ਸੋਚਣ ਲਗੇ ਹੈਂ! ਏਨੀ ਅੰਤਰ ਜਾਮਤਾ, ਹਾਲਾਂ ਮੇਰੇ ਚਿਤ ਵਿਚ ਖਿਆਲ ਆਇਆ ਹੀ ਹੈ, ਸਤਿਗੁਰੂ ਜੀ ਨੇ, ਬਿਨਾਂ ਮੇਰੇ ਕਹੇ ਹੀ, ਝੱਟ ਪੂਰਾ ਕਰ ਦਿੱਤਾ ਹੈ। ਫਿਰ ਯਾਦ ਆਇਆ

## ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ

ਸੰਤ ਧਿਆਨ ਸਿੰਘ ਜੀ ਲਿਖਦੇ ਹਨ — ਮਹਲਾ ੫ ਪੰਨਾ ੩੮੧

## ਆਪੇ ਹੀ ਪ੍ਰਭ ਰਾਖਤਾ ਭਗਤਨ ਕੀ ਆਨ
## ਜੋ ਜੋ ਚਿਤਵਹਿ ਸੰਤ ਜਨ ਸੋ ਲੇਤਾ ਹੈ ਮਾਨ

ਹੁਣ ਸਤਿਗੁਰੂ ਜੀ ਨੇ ਸੂਬਿਆਂ ਸਮੇਤ ਉਸ ਪਿੰਡ ਵਲ ਚਾਲੇ ਪਾ ਦਿੱਤੇ ਉਸ ਸਮੇਂ ਸਤਿਗੁਰੂ ਜੀ ਦੀ ਸ਼ਾਨ ਬਾਰੇ ਬਾਬਾ ਚੰਦਾ ਸਿੰਘ ਜੀ ਲਿਖਦੇ ਹਨ :—

## ਸਤਿਗੁਰ ਚੀਨੀ ਦੇ ਹੁੰਦੇ ਅਸਵਾਰ, ਸੂਬੇ ਸੋਭਾ ਪਾਵਨ ਨਾਲ,
## ਚੜ੍ਹਦੀ ਜਿਉਂ ਹੰਸਾਂ ਦੀ ਡਾਰ, ਸੋਹੇ ਚੰਦ ਜਿਵੇਂ ਪਰਵਾਰ,
## ਫੌਜਾਂ ਸੋਹਨ ਜਿਵੇਂ ਸਰਦਾਰ, ਐਸਾ ਕਵਣ ਜੋ ਕਰੈ ਬੀਚਾਰ,
## ਏਸ ਅਵਤਾਰ ਦੀ ।

ਭਾਈ ਹਰਮੀਤ ਸਿੰਘ ਜੀ ਵੀ ਸੰਗਤ ਨਾਲ ਉਸ ਪਿੰਡ ਪਹੁੰਚ ਗਏ। ਉੱਥੇ ਕੀ ਵੇਖਦੇ ਹਨ ਕਿ ਸਤਿਗੁਰੂ ਜੀ ਦਾ ਆਗਮਨ ਸੁਣ ਕੇ ਨੇੜੇ ਦੇ ਪਿੰਡਾਂ ਦੀ ਸੰਗਤ ਬਹੁਤ ਆਈ ਹੋਈ ਸੀ। ਸ਼ਰਦਾਈ ਵਰਤਾਈ ਜਾ ਰਹੀ ਸੀ। ਜਦੋਂ ਸਤਿਗੁਰੂ ਜੀ ਦੀਵਾਨ ਸਥਾਨ ਤੇ ਪਹੁੰਚੇ ਤਾਂ ਸਾਰੀ ਸੰਗਤ ਨੇ ਉਠ ਕੇ " ਜੋ ਬੋਲੇ ਸੋ ਨਿਹਾਲ--- ਸਤਿ ਸ੍ਰੀ ਅਕਾਲ " ਦੇ ਜੈਕਾਰੇ ਨਾਲ ਸੁਆਗਤ ਕੀਤਾ।

## ਸਿੰਘ ਜਾ ਕੇ ਆਸਣ ਲਾਵਣ,
## ਸੰਗਤਾਂ ਗੁਰ ਦੇ ਦਰਸ਼ਨ ਪਾਵਣ, ਟੇਕਣ ਮੱਥੇ ਦਰਬ ਚੜ੍ਹਾਵਣ

ਸਤਿਗੁਰੂ ਜੀ, ਸ੍ਰੀ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਕੇ ਅਪਣੇ ਆਸਣ ਤੇ ਸੁਭਾਇਮਾਨ ਹੋ ਗਏ। ਸਾਰੀ ਸੰਗਤ ਵਾਰੀ ਵਾਰੀ ਯਥਾ ਸ਼ਕਤਿ ਭੇਟਾ ਰਖਕੇ ਸਤਿਗੁਰੂ ਜੀ ਨੂੰ ਮੱਥਾ ਟੇਕਣ ਲਗੀ। ਸੰਗਤ ਦੀ ਭੀੜ ਇੰਨੀ ਸੀ ਕਿ ਪੰਡਾਲ ਖੱਚਾ ਖੱਚ ਭਰਿਆ ਹੋਇਆ ਸੀ, ਪੰਡਾਲ ਤੋਂ ਬਾਹਰ ਵੀ ਲੋਕ ਦੂਰ ਦੂਰ ਤਕ, ਕਈ ਬੈਠੇ ਅਤੇ ਕਈ ਖੜੇ ਦਿਖਾਈ ਦੇ ਰਹੇ ਸਨ।

ਪਾਠ ਦੇ ਭੋਗ ਦੀ ਤਿਆਰੀ ਹੋਣ ਲਗੀ। ਮਰਯਾਦਾ ਅਨੁਸਾਰ ਕੜਾਹ-ਪ੍ਰਸ਼ਾਦ ਲਿਆਂਦਾ ਗਿਆ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਕੋਲ ਸੁੱਚੀ ਥਾਂ ਤੇ ਸੁੱਚੀ ਚੌਕੀ ਤੇ ਰਖਿਆ ਗਿਆ। ਫਿਰ ਦੋ ਪਾਠੀ ਬੜੀ ਉੱਚੀ ਸਵਰ ਨਾਲ ਮਹਲੇ ਨਾਵੇਂ ਦੇ ਸ਼ਲੋਕ ਪੜ੍ਹਨ ਲਗੇ। ਹਾਲਾਂ ਭੋਗ ਨਹੀਂ ਸੀ ਪਿਆ ਕਿ ਥੋੜ੍ਹੀ ਥੋੜੀ ਬਰਸਾਤ ਸ਼ੁਰੂ ਹੋ ਗਈ। ਭਾਵੇਂ ਸ੍ਰੀ ਗ੍ਰੰਥ ਸਾਹਿਬ ਜੀ ਉਪਰ ਚੰਦੋਆ ਲੱਗਾ ਹੋਇਆ ਸੀ ਪਰ ਫਿਰ ਵੀ ਸ੍ਰੀ ਗ੍ਰੰਥ ਸਾਹਿਬ ਜੀ ਦੇ ਭਿੱਜ ਜਾਣ ਤੋਂ ਡਰਦਿਆਂ ਹੋਇਆਂ ਸਤਿਗੁਰੂ ਜੀ ਦੇ ਕੋਲ ਬੈਠੇ ਹੋਇ ਸਿੱਖਾਂ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ ਜੀ, ਹੁਣ ਕੀ ਕੀਤਾ ਜਾਏ?"

ਸਤਿਗੁਰੂ ਜੀ ਨੇ ਫੁਰਮਾਇਆ, "ਭਾਈ ਫ਼ਿਕਰ ਨ ਕਰੋ, ਇੰਦ੍ਰ ਦੇਵਤਾ ਸਿਰਫ ਹਾਜ਼ਰੀ ਲੁਆਉਣ ਹੀ ਆਇਆ ਹੈ, ਉਸਦੀ ਹਾਜ਼ਰੀ ਲਗ ਚੁਕੀ ਹੈ। ਉਹ ਵੀ ਦੇਵਤਾ ਹੈ ਉਹ ਵੀ ਗੁਰਬਾਣੀ ਦਾ ਅਦਬ ਹੀ ਕਰੇਗਾ। ਜੇ ਚਾਹੋ ਤਾਂ ਚੰਦੋਏ ਤੇ ਉਪਰ ਇਕ ਚਾਦਰ ਹੋਰ ਤਾਣ ਦਿਉ।

ਸਿੱਖਾਂ ਨੇ ਇਕ ਭਾਰੀ ਚਾਦਰ ਤਾਣ ਦਿੱਤੀ। ਇੰਦ੍ਰ ਦੇਵਤਾ ਅਪਣੀ ਹਾਜ਼ਰੀ ਲੁਆ ਕੇ ਵਾਪਸ ਚਲਾ ਗਿਆ। ਸਿੱਖਾਂ ਨੇ ਮਰਯਾਦਾ ਅਨੁਸਾਰ ਭੋਗ ਪਾਇਆ ਪਾਠ ਦੀ ਸਮਾਪਤੀ ਦੀ ਅਰਦਾਸ ਹੋਈ ਅਤੇ ਕੜਾਹ ਪ੍ਰਸ਼ਾਦ ਵਰਤਾਉਣ ਦੀ ਤਿਆਰੀ ਹੋਣ ਲਗੀ।

ਭੋਗ ਪੈਂਦਿਆਂ ਤਕ ਸੰਗਤ ਦੀ ਭੀੜ ਹੋਰ ਵੀ ਵਧ ਗਈ ਸੀ ਹੁਣ ਤਾਂ

ਏਤੇ ਮੇਲ ਜਮਾਂ ਨਰ ਨਾਰੀ, ਅੰਤ ਨ ਪਰ ਹੈ ਸੋ ਸੁਮਾਰੀ।
ਜਿਤ ਕਿਤ ਆਦਮ ਹੀ ਦ੍ਰਿਸਟਾਵੈ॥
ਪਾਇ ਧਰਨ ਕੋ ਜਾਇ ਨ ਪਾਵੈ॥

ਹੁਣ ਸੰਗਤ ਦੀ ਭੀੜ ਵਲੋਂ ਵੇਖਕੇ ਭਾਈ ਹਰਮੀਤ ਸਿੰਘ ਜੀ ਦੇ ਮਨ ਵਿਚ ਸੰਸਾ ਹੋਇਆ ਕਿ ਸੰਗਤ ਤਾਂ ਬਹੁਤ ਜ਼ਿਆਦਾ ਹੈ ਅਤੇ ਕੜਾਹ-ਪ੍ਰਸ਼ਾਦ ਬਹੁਤ ਹੀ ਥੋੜਾ ਹੈ, ਇਹ ਪੂਰਾ ਕਿਸ ਤਰ੍ਹਾਂ ਆਵੇਗਾ? ਜੇ ਕੜਾਹ-ਪਰਸ਼ਾਦ ਪੂਰਾ ਨ ਆਇਆ ਤਾਂ ਘਰ ਵਾਲਿਆਂ ਦੀ ਬਹੁਤ ਨਿੰਦਾ ਹੋਵੇਗੀ। ਅੱਛਾ, ਸਤਿਗੁਰੂ ਜੀ ਹੀ ਹਨ ਜੋ ਘਰ-ਵਾਲਿਆਂ ਦਾ ਪਰਦਾ ਢੱਕਣ।

# ਅਪਨੇ ਸੇਵਕ ਕੀ ਆਪੇ ਰਾਖੈ

ਅਨੁਸਾਰ ਸਤਿਗੁਰੂ ਜੀ ਨੇ ਆਪ ਹੀ ਹੁਕਮ ਕਰ ਦਿੱਤਾ (ਮਹਲਾ ੫ ਪੰਨਾ ੪੦੩)

## ਆਦਿ ਭੋਗ ਗੁਰ ਨਾਨਕ ਨਿਆਓ, ਗੁਰ ਦਰਯਾਵੈ ਕੋ ਪਹੁੰਚਾਓ।
## ਪੰਚ ਪਿਆਰਿਓਂ ਕੋ ਵਰਤਾਓ, ਫਿਰ ਇਸ ਊਪਰ ਪਰਦਾ ਪਾਓ,

ਭਾਵ ਪੰਜ ਪਿਆਰਿਆਂ ਨੂੰ ਵਰਤਾਉਣ ਪਿਛੋਂ ਕੜਾਹ-ਪ੍ਰਸ਼ਾਦ ਤੇ ਕਪੜਾ ਪਾ ਦਿਓ। ਪਰਦੇ ਦੇ ਥਲਿਓਂ ਹੀ ਕੜਾਹ-ਪ੍ਰਸ਼ਾਦ ਦੋ ਥਾਲਾਂ ਵਿਚ ਪਾ ਕੇ ਉਪਰ ਪਰਦਾ ਦੇ ਕੇ, ਦੋ ਸਿਖ ਵਰਤਾਈ ਜਾਣ। ਬੇ ਸ਼ਕ ਖੁਲ੍ਹਾ ਖੁਲ੍ਹਾ ਵਰਤਾਓ, ਗੁਰੂ ਨਾਨਕ ਦੇਵ ਜੀ ਦੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ।

ਹੁਕਮ ਅਨੁਸਾਰ ਦੋ ਸਿੱਖ, ਦੋ ਥਾਲਾਂ ਵਿਚ ਕੜਾਹ-ਪ੍ਰਸ਼ਾਦ ਪਾ ਕੇ ਉਪਰ ਪਰਦਾ ਰਖ ਕੇ ਵਰਤਾਉਣ ਲਗ ਪਏ। ਸਾਰੀ ਸੰਗਤ ਨੂੰ ਖੁਲ੍ਹਾ-ਖੁਲ੍ਹਾ ਵਰਤਾਇਆ। ਪੰਡਾਲ ਤੋਂ ਬਾਹਰ ਦੀ ਸੰਗਤ ਵਿਚ ਵੀ ਵਰਤਾ ਕੇ ਜਦੋਂ ਦੋਵੇਂ ਥਾਲ ਵਾਪਸ ਲਿਆਂਦੇ ਤਾਂ ਦੋਹਾਂ ਥਾਲਾਂ ਵਿਚ ਹਾਲਾਂ ਵੀ ਪਰਦੇ ਥੱਲੇ ਕੜਾਹ ਪ੍ਰਸ਼ਾਦ ਬਾਕੀ ਹੈ ਸੀ।

ਭੋਗ ਪੈ ਜਾਣ ਤੋਂ ਪਿਛੋਂ, ਸਤਿਗੁਰੂ ਜੀ ਅਪਣੀ ਮੌਜ ਵਿਚ ਹਾਲਾਂ ਆਪਣੇ ਆਸਣ ਉੱਤੇ ਸੁਭਾਇਮਾਨ ਹੀ ਸਨ ਕਿ ਇਕ ਨਿਹੰਗ ਸਿੰਘ ਹੱਥ ਵਿਚ ਇੱਕ ਲੋਟਾ ਲੈ ਕੇ ਆਇਆ, ਉਸ ਨੇ ਬੜੇ ਪ੍ਰੇਮ ਸਹਿਤ ਸੀਸ ਨਿਵਾ ਕੇ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸਤਿਗੁਰੂ ਜੀ ਦੇ ਆਸਣ ਦੇ ਕੋਲ ਹੀ ਬਹਿ ਗਿਆ। ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ ਅਤੇ ਕੜਾਹ-ਪ੍ਰਸ਼ਾਦ ਦੇ ਵਰਤਾਵੇ ਨੂੰ ਹੁਕਮ ਕੀਤਾ, "ਭਾਈ, ਇਸ ਨਿਹੰਗ ਸਿੰਘ ਦਾ ਲੋਟਾ ਕੜਾਹ-ਪ੍ਰਸ਼ਾਦ ਨਾਲ ਭਰ ਦਿਓ।" ਵਰਤਾਵਾ ਲੋਟਾ ਵੇਖ ਕੇ ਪਹਿਲਾਂ ਤਾਂ ਕੁਝ ਹੈਰਾਨ ਹੋਇਆ ਪਰ ਸਤਿਗੁਰੂ ਜੀ ਦੇ ਹੁਕਮ ਕਰਕੇ ਉਸ ਨੇ ਪਰਦੇ ਦੇ ਥੱਲਿਓਂ ਥਾਲ ਵਿਚੋਂ ਪ੍ਰਸ਼ਾਦ ਕੱਢ ਕੇ ਨਿਹੰਗ ਸਿੰਘ ਦਾ ਲੋਟਾ ਨੱਕੋ ਨੱਕ ਭਰ ਦਿੱਤਾ।

ਫਿਰ ਜਦੋਂ ਕੜਾਹ-ਪ੍ਰਸ਼ਾਦ ਉਤੋਂ ਪਰਦਾ ਚੁਕਿਆ ਗਿਆ ਤਾਂ ਥਾਲ ਵਿਚ ਕੜਾਹ-ਪ੍ਰਸ਼ਾਦ ਹਾਲਾਂ ਵੀ ਕਾਫ਼ੀ ਬਾਕੀ ਹੈ ਸੀ। ਸਤਿਗੁਰੂ ਜੀ ਦੀ ਜ਼ਾਹਰੀ ਕਰਾਮਾਤ ਵੇਖ ਕੇ ਸਾਰੀ ਸੰਗਤ ਬੜੀ ਹੈਰਾਨ ਹੋਈ

## ਹੋਇ ਹੈਰਾਨੁ ਕਰੇਨਿ ਜੁਹਾਰੀ ,

ਕਿਉਂ ਜੋ

## ਜ਼ਾਹਰ ਕਲਾ ਨ ਛਪੈ ਛਪਾਈ ,

ਸਤਿਗੁਰੂ ਜੀ ਨੇ ਬਾਕੀ ਦਾ ਸਾਰਾ ਕੜਾਹ-ਪ੍ਰਸ਼ਾਦ ਘਰ ਵਾਲਿਆਂ ਨੂੰ ਭਿਜਵਾ ਦਿੱਤਾ।

Sri Satguru Jagjit Singh Ji Elibrary NamdhariElibrary@gmail.com

ਜਦੋਂ ਨਿਹੰਗ ਸਿੰਘ ਦਾ ਲੋਟਾ ਕੜਾਹ ਪ੍ਰਸ਼ਾਦ ਨਾਲ ਭਰਿਆ ਗਿਆ ਤਾਂ ਉਹ ਖੁਸ਼ੀ ਵਿਚ ਫੁਲਿਆ ਨਾ ਸਮਾਇਆ, ਉਹ ਉੱਚੀ ਉੱਚੀ ਬੋਲਣ ਲਗਾ

## ਧੰਨ ਸਤਿਗੁਰੂ ਰਾਮ ਸਿੰਘ ਜੀ

ਫਿਰ ਅਪਣੀ ਸਾਖੀ ਸੁਣਾਉਣ ਲਗਾ :-

ਮੈਂ ਅਪਣੇ ਡੇਰੇ ਬੈਠਾ ਹੋਇਆ ਸਾਂ ਕਿ ਕੁਝ ਕੂਕੇ ਇਸ ਪਿੰਡ ਵਲ ਆਉਂਦੇ ਮੈਨੂੰ ਵਿਖਾਈ ਦਿੱਤੇ। ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਭਾਈ ਤੁਸੀ ਕਿੱਥੇ ਜਾ ਰਹੇ ਹੋ ਤਾਂ ਉਨ੍ਹਾਂ ਨੇ ਕਿਹਾ ਕਿ ਅਸੀਂ ਬਾਰ੍ਹਵੇਂ ਗੁਰੂ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਜਾ ਰਹੇ ਹਾਂ। ਭਾਵੇਂ ਮੇਰੀ ਸ਼ਰਧਾ ਨਹੀਂ ਸੀ ਪਰ ਵੇਖੋ ਵੇਖੀ ਮੈਨੂੰ ਵੀ ਦਰਸ਼ਨ ਕਰਨ ਦਾ ਚਾਅ ਚੜ੍ਹ ਗਿਆ। ਉਸੇ ਵਕਤ ਮੈਨੂੰ ਯਾਦ ਆਇਆ ਕਿ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਕਿਹਾ ਕਰਦੇ ਸਨ ਕਿ ਨਿਹੰਗ ਸਿੰਘ ਸਾਡੀਆਂ ਲਾਡਲੀਆਂ ਫੌਜਾਂ ਹਨ। ਉਹ ਨਿਹੰਗ ਸਿੰਘਾਂ ਨਾਲ ਬੜਾ ਪਿਆਰ ਕਰਿਆ ਕਰਦੇ ਹਨ ਅਤੇ ਉਨ੍ਹਾਂ ਨੂੰ ਰਜਵਾਂ ਕੜਾਹ-ਪ੍ਰਸ਼ਾਦ ਛਕਾਇਆ ਕਰਦੇ ਸਨ। ਮੇਰੇ ਦਿਲ ਵਿਚ ਆਈ ਕਿ ਜੇ ਇਹ ਵੀ (ਸਤਿਗੁਰੂ ਰਾਮ ਸਿੰਘ ਜੀ) ਸੱਚੇ ਗੁਰੂ ਹਨ ਤਾਂ ਮੈਨੂੰ ਇਹ ਵੀ ਅਜ ਰਜਵਾਂ ਕੜਾਹ-ਪ੍ਰਸ਼ਾਦ ਦੇਣਗੇ। ਇਸ ਲਈ ਹੀ, ਮੈਂ ਇਹ ਲੋਟਾ ਲੈ ਕੇ ਆਇਆ ਹਾਂ। ਸਾਧ ਸੰਗਤ ਜੀ, ਸੱਚ ਜਾਣੋ ਕਿ ਇਨ੍ਹਾਂ ਦੇ ਦਰਸ਼ਨ ਕਰ ਕੇ ਅਤੇ ਇਨ੍ਹਾਂ ਦੇ ਅੰਮ੍ਰਿਤ ਮਈ ਬਚਨ ਸੁਣ ਕੇ ਮੇਰੇ ਸਾਰੇ ਸੰਸੇ ਦੂਰ ਹੋ ਗਏ ਹਨ।

ਫਿਰ ਜਦੋਂ ਇਨ੍ਹਾਂ (ਸਤਿਗੁਰੂ ਜੀ) ਨੇ ਹੁਕਮ ਕਰਕੇ ਮੇਰਾ ਲੋਟਾ ਕੜਾਹ-ਪ੍ਰਸ਼ਾਦ ਨਾਲ ਭਰਵਾ ਦਿੱਤਾ ਹੈ ਤਾਂ ਮੈਨੂੰ ਪੱਕਾ ਨਿਸਚਾ ਹੋ ਗਿਆ ਹੈ :-

**ਮੈਂ ਜਾਨੀ ਕਲਗੀਧਰ ਮੂਰਤਿ, ਉਤ ਛਡਾਇ ਇਤਿ ਭਾਵਨ ਪੂਰਤਿ,**
**ਆਜ ਭਾਗ ਮੇਰੇ ਭਏ ਧੰਨ, ਗੋਬਿੰਦ ਮਿਲੇ ਹਲਾਸੀ ਤੰਨ।**

(ਸੰਤ ਧਿਆਨ ਸਿੰਘ ਜੀ)

ਸਾਧ ਸੰਗਤ ਜੀ, ਤੁਸੀਂ ਇਹ ਹੀ ਸਮਝੋ :-

**(ਇਹ ਤਾਂ) ਜਾਂ ਫਿਰ ਗੁਰੂ ਨਾਨਕ ਜਾਮਾ ਪਲਟ ਆਇਆ,**
**ਜਾਂ ਮੁੜ ਲੀਆ ਦਸਮੇਸ਼ ਅਵਤਾਰ ਏਥੇ।**

(ਸੰਤ ਇੰਦ੍ਰ ਸਿੰਘ ਜੀ ਚੱਕਰਵਰਤੀ)

ਗਲਤੀਆਂ ਦੀ ਖਿਮਾ ਦਾ ਜਾਚਕ
ਸੰਤੋਖ ਸਿੰਘ ਨਾਮਧਾਰੀ